Darshan

# ਬਾਈ ਜੁਆਨ ਬੰਗਾਲਣਾਂ

ਕਰਤਾਰ ਸਿੰਘ ਦੁੱਗਲ

(ਬੀ. ਐਸ. ਐਫ.) ਬਾਰਡਰ ਸੀਕਿਯੋਰਿਟੀ ਫੋਰਸ ਦੇ ਜੁਆਨਾਂ ਨੂੰ ਹੁਣ ਕੋਈ ਸ਼ਕਾਇਤ ਨਹੀਂ ਸੀ। ਉਹ ਵੇਲੇ ਗ਼ਏ ਜਦੋਂ ਮਹੀਨਿਆਂ-ਬੱਧੀ ਉਨ੍ਹਾਂ ਲਈ ਕਰਨ ਲਈ ਕੁਝ ਨਹੀਂ ਸੀ ਹੁੰਦਾ। ਕਸਰਤ ਕਰੋ, ਖਾਓ ਤੇ ਸੌਂਵੋ। ਖਾਓ ਸੌਂਵੋ ਤੇ ਕਸਰਤ ਕਰੋ। ਬਸ ਹੋਰ ਕੋਈ ਕੰਮ ਨਹੀਂ। ਜਦੋਂ ਮਨ ਕਰੇ ਰਫਲ ਫੜੀ ਤੇ ਜੰਗਲ ਦਾ ਗੇੜਾ ਮਾਰ ਲਿਆ। ਇਸ ਜੰਗਲ ਦਾ ਸ਼ਿਕਾਰ ਉਹ ਕਦੋਂ ਦਾ ਖ਼ਤਮ ਕਰ ਚੁੱਕੇ ਸਨ। ਜੁਆਨਾਂ ਨੇ ਪੰਖੇਰੂ ਤਕ ਨਹੀਂ ਸੀ ਕੋਈ ਰਹਿਣ ਦਿਤਾ। ਨਾ ਸ਼ਿਕਾਰ ਰਹਿਣ ਦਿੱਤਾ ਸੀ ਨਾ ਕੋਈ ਜੰਗਲੀ ਫਲ।

ਕਪਤਾਨ ਸ਼ਰੀਫ਼ ਨੂੰ ਬੜੀ ਖਿੱਝ ਆਂਦੀ। ਤੇ ਉਹ ਦਿਨ ਰਾਤ ਚਿੱਠੀਆਂ ਲਿਖਦਾ ਰਹਿੰਦਾ। ਇਕ ਦਿਨ ਵਿਚ ਚਾਰ-੨ ਚਿੱਠੀਆਂ। ਮਰੀਅਮ ਦੀ ਟਰੰਕੀ ਉਹਦੀਆਂ ਚਿੱਠੀਆਂ ਨਾਲ ਭਰ ਗਈ।

ਅਜ ਕਲ੍ਹ ਕਪਤਾਨ ਸ਼ਰੀਫ਼ ਨੂੰ ਵਿਹਲ ਸੀ ਨਾ ਉਹਦੇ ਜੁਆਨਾਂ ਨੂੰ। ਜਦੋਂ ਦੀ ਪਾਕਿਸਤਾਨ ਨੇ ਪੂਰਬੀ ਬੰਗਾਲ ਵਿਚ ਕਾਰਵਾਈ ਸ਼ੁਰੂ ਕੀਤੀ ਸੀ, ਸਿਰ ਖੁਰਕਣ ਦੀ ਇਨ੍ਹਾਂ ਨੂੰ ਫੁਰਸਤ ਨਹੀਂ ਮਿਲਦੀ ਸੀ। ਦਿਨ-ਰਾਤ, ਦਿਨ-ਰਾਤ ਸ਼ਰਨਾਰਥੀ ਆਉਂਦੇ ਰਹਿੰਦੇ, ਇਕ-ਇਕ, ਦੋ-ਦੋ, ਚਾਰ-ਚਾਰ, ਦਸ-ਦਸ, ਕਾਫ਼ਲਿਆਂ ਦੇ ਕਾਫ਼ਲੇ, ਇਤਨੀ ਲੰਮੀ ਸਰਹੱਦ ਦੀ ਕੋਈ ਰਾਖੀ ਕਿਵੇਂ ਕਰੇ ? ਤੇ ਸ਼ਰਨਾਰਥੀ ਭੁੱਖੇ ਸਨ, ਨੰਗੇ ਸਨ, ਬੀਮਾਰ ਸਨ, ਫੱਟੜ ਸਨ, ਕੁਝ ਤੇ ਸਰਹੱਦ ਪਾਰ ਕਰ ਕੇ ਸਵਾਸ ਛੱਡ ਦਿੰਦੇ।

ਇਸ ਤੋਂ ਵੀ ਵਧੇਰੇ ਜ਼ਿਮੇਂਵਾਰੀ ਦਾ ਕੰਮ ਸਰਹੱਦ ਦੀ ਰਾਖੀ। ਜਿਸ ਲਈ ਬੀ. ਐਸ. ਐਫ. ਨੂੰ ਕਾਇਮ ਕੀਤਾ ਗਿਆ ਸੀ। ਸ਼ਰਨਾਰਥੀਆਂ ਦੇ ਨਾਲ ਪਾਕਿਸਤਾਨੀ ਆਪਣੇ ਸੂਹੇ ਵੀ ਘੱਲ ਰਹੇ ਸਨ, ਤਾਂ ਜੋ ਭਾਰਤ ਵਿਚ ਉਹ ਤੋੜ ਫੋੜ ਦੀਆਂ ਕਾਰਵਾਈਆਂ ਕਰ ਸਕਣ। ਇਸ ਤਰ੍ਹਾਂ ਦੇ ਲੋਕਾਂ ਨੂੰ ਸ਼ਰਨਾਰਥੀਆਂ ਵਿਚੋਂ ਨਿਖੇੜਨਾ ਕੋਈ ਸੌਖਾ ਕੰਮ ਨਹੀਂ ਸੀ। ਤੇ ਹੁਣ ਕੁਝ ਚਿਰ ਤੋਂ ਪਾਕਿਸਤਾਨੀ ਲੜਾਈ ਦੀਆਂ ਧਮਕੀਆਂ ਦੇਣ ਲੱਗ ਪਏ ਸਨ। ਆਪਣੀਆਂ ਫੌਜਾਂ ਨੂੰ ਉਹ ਸਰਹੱਦ ਦੇ ਨੇੜੇ, ਬਿਲਕੁਲ ਨੇੜੇ ਲਿਆਂਦੇ ਜਾ ਰਹੇ ਸਨ। ਪਾਕਿਸਤਾਨੀ ਫ਼ੌਜ ਦੀਆਂ ਹਰਕਤਾਂ ਤੇ ਵੀ ਇਨ੍ਹਾਂ ਨੇ ਨਜ਼ਰ ਰੱਖਣੀ ਸੀ। ਭਾਰਤੀ ਫ਼ੌਜ ਸੀ। ਪਰ ਭਾਰਤੀ ਫ਼ੌਜ ਤਾਂ ਉਦੋਂ ਦਖ਼ਲ ਦੇਵੇਗੀ ਜਦੋਂ ਲੜਾਈ ਛਿੜ ਪਈ। ਉਸ ਤੋਂ ਪਹਿਲੇ ਸਰਹੱਦ ਦੀ ਸਾਰੀ ਜ਼ਿਮੇਂਵਾਰੀ ਬੀ. ਐਸ. ਐਫ. ਦੀ ਸੀ।

ਅਜ ਕਲ੍ਹ ਬੀ. ਐਸ. ਐਫ. ਵਾਲਿਆਂ ਦਾ ਬੁਰਾ ਹਾਲ ਸੀ। ਜਿਤਨੇ ਆਮ ਦਿਨਾਂ ਵਿਚ ਮਜ਼ੇ ਹੁੰਦੇ ਸਨ। ਉਤਨੀ ਹੀ ਅਜ ਕਲ੍ਹ ਇਨ੍ਹਾਂ ਦੀ ਪਿਟਾਈ ਹੋ ਰਹੀ ਸੀ। ਖ਼ਾਸ ਤੌਰ ਤੇ ਪੂਰਬੀ ਸਰਹੱਦ ਤੇ ਹਾਲਾਤ ਜ਼ਿਆਦਾ ਪ੍ਰੇਸ਼ਾਨ ਕੁੰਨ ਸਨ। ਲੜਨਾ ਹੋਵੇ ਤੇ ਆਦਮੀ ਲੜ ਸਕਦਾ ਸੀ। ਮਰਨਾ ਹੋਵੇ ਤੇ ਆਦਮੀ ਮਰ ਸਕਦਾ ਸੀ। ਪਰ ਸ਼ਰਨਾਰਥੀਆਂ ਦੇ ਕਾਫ਼ਲਿਆਂ ਦੇ ਕਾਫ਼ਲੇ ਤੇ ਉਨ੍ਹਾਂ ਤੇ ਹੋਏ ਅਤਿਆਚਾਰ ਵੇਖ-ਵੇਖ ਕੇ ਬੀ. ਐਸ. ਐਫ. ਵਾਲੇ ਕਚੀਚੀਆਂ ਵੱਟ ਕੇ ਰਹਿ ਜਾਂਦੇ। ਸਰਹੱਦ ਤੋਂ ਪਾਰ ਉਹ ਕਦਮ ਨਹੀਂ ਰਖ ਸਕਦੇ ਸਨ। ਤੇ

ਬੰਗਲਾ ਦੇਸ਼ ਵਿਚ ਕੀਤੇ ਪਾਕਿਸਤਾਨੀ ਫ਼ੌਜਾਂ ਦੇ ਅਤਿਆਚਾਰਾਂ ਨੇ ਮੈਨੂੰ ਇੰਜ ਝੰਜੋੜਿਆ ਹੈ ਜਿਵੇਂ ਸ਼ਾਇਦ ਪੰਜਾਬ ਦੀ ਵੰਡ ਵੀ ਨਹੀਂ ਮੈਨੂੰ ਹਿਲਾ ਸਕੀ ਸੀ। ਤੇ ਪੰਜਾਬ ਦੀ ਵੰਡ ਬਾਰੇ ਸ਼ਾਇਦ ਬਹੁਤ ਘੱਟ ਸਾਹਿਤਕਾਰਾਂ ਨੇ ਮੈਥੋਂ ਵਧੇਰੇ ਲਿਖਿਆ ਹੋਵੇਗਾ।

ਸੱਚ ਤੇ ਇਹ ਵੇ ਕਿ ਪਿਛਲੇ ਦਿਨਾਂ ਵਿਚ ਕੁਝ ਛਿਣ ਇਹੋ ਜਿਹੇ ਵੀ ਆਏ ਹਨ ਜਦੋਂ ਮੈਨੂੰ ਆਪਣੇ ਪੰਜਾਬੀ ਹੋਣ ਤੇ ਵੀ ਸ਼ਰਮ ਆਈ ਹੈ।

ਉਧਰ ਪਾਕਿਸਤਾਨੀ ਫ਼ੌਜ ਕਿਹੜੇ-ਕਿਹੜੇ ਜ਼ੁਲਮ ਸਨ। ਜਿਹੜੇ ਗਰੀਬ ਜਨਤਾ ਤੇ ਨਹੀਂ ਢਾਹ ਰਹੀ ਸੀ। ਅਬਲਾ ਔਰਤਾਂ, ਬੱਚੇ, ਬੁੱਢੇ ਹਰੇਕ ਦੀ ਆਪਣੀ ਦਾਸਤਾਨ ਸੀ। ਹਰੇਕ ਨਾਲ ਅਕਹਿ ਤੇ ਅਸਹਿ ਅਤਿਆਚਾਰ ਹੋਏ ਸਨ। ਨੌਜੁਆਨ ਨਹੀਂ ਕੋਈ ਉਧਰੋਂ ਸਮੂਲਾ ਆ ਰਿਹਾ ਸੀ। ਕਿਸੇ ਦਾ ਕੋਈ ਅੰਗ ਫੱਟੜ ਸੀ। ਤੇ ਨੌਜੁਆਨ ਕੁੜੀਆਂ ਪਾਕਿਸਤਾਨੀ ਫ਼ੌਜੀਆਂ ਨੇ ਛਲਾ ਕੋਠੀਆਂ ਵਿਚ ਪਾ ਲਈਆਂ ਸਨ। ਹਰ ਛਾਉਣੀ ਵਿਚ ਕਈ ੨ ਛਲਾ ਕੋਠੀਆਂ ਖੁਲ੍ਹ ਗਈਆਂ ਸਨ। ਜਿੱਥੇ ਥੱਕੇ ਹਾਰੇ, ਸੈਂਕੜੇ ਮੀਲ ਆਪਣੇ ਦੇਸ ਤੋਂ ਦੂਰ ਪਾਕਿਸਤਾਨੀ ਸ਼ਾਮੀਂ ਮਨ ਪ੍ਰਚਾਵਾ ਕਰਦੇ ਸਨ।

ਕਿਤਨੇ ਚਿਰ ਤੋਂ ਕਪਤਾਨ ਸ਼ਰੀਫ਼ ਨੂੰ ਚਿੱਠੀ ਲਿਖਣ ਦੀ ਵਿਹਲ ਨਹੀਂ ਮਿਲੀ ਸੀ। ਜਦੋਂ ਡਾਕੀਆ ਆਂਦਾ, ਮਰੀਅਮ ਉਸ ਦਾ ਮੂੰਹ ਵੇਖਦੀ ਰਹਿੰਦੀ। ਹੋਸਟਲ ਵਿਚ ਰਹਿੰਦੀਆਂ ਉਹਦੇ ਨਾਲ ਦੀਆਂ ਕੁੜੀਆਂ ਨੇ ਚਿਹਮਗੋਈਆਂ ਸ਼ੁਰੂ ਕਰ ਦਿੱਤੀਆਂ ਸਨ। ਪੂਰਬੀ ਸਰਹੱਦ ਤੇ ਗੋਲੀ ਚੱਲਣ ਦਾ ਜ਼ਿਕਰ ਹੁੰਦਾ ਤੇ ਮਰੀਅਮ ਨੂੰ ਲਗਦਾ ਜਿਵੇਂ ਗੋਲੀ ਉਹਦੀ ਛਾਤੀ ਵਿਚ ਆ ਲੱਗੀ ਹੋਵੇ। ਤੇ ਅਜ ਕਲ੍ਹ ਮਰੀਅਮ ਦੀ ਹਿੱਕ ਵਿਚ ਅੱਠੇ ਪਹਿਰ ਇਕ ਪੀੜ ਜਿਹੀ ਮਹਿਸੂਸ ਹੁੰਦੀ ਰਹਿੰਦੀ।

ਉਧਰ ਕਪਤਾਨ ਸ਼ਰੀਫ਼ ਸੀ। ਆਪਣੀ ਮੰਗੇਤਰ ਦੀ ਯਾਦ ਉਹਦੇ ਪੋਟੇ-ਪੋਟੇ ਵਿਚ ਉਸਲਵੱਟੇ ਲੈਣ ਲੱਗ ਪਈ। ਇਹਨੂੰ ਚਿੱਠੀ ਲਿਖਣ ਦੀ ਵਿਹਲ ਨਹੀਂ ਸੀ। ਉਹਦੀ ਚਿੱਠੀ ਆ ਨਹੀਂ ਸਕਦੀ ਸੀ। ਹਵਾਈ ਜਹਾਜ਼ਾਂ, ਟਰੇਨਾਂ, ਟਰੱਕਾਂ ਵਿਚ ਅਜ ਕਲ੍ਹ ਸ਼ਰਨਾਰਥੀਆਂ ਲਈ ਦਵਾਈਆਂ ਢੋਈਆਂ ਜਾਂਦੀਆਂ ਸਨ। ਸ਼ਰਨਾਰਥੀ ਬੱਚਿਆਂ ਲਈ ਦੁੱਧ ਦਾ ਪਾਊਡਰ ਲਿਆਇਆ ਜਾਂਦਾ ਸੀ। ਬੁਢਿਆਂ ਲਈ ਕੰਬਲ ਲੱਦ ਕੇ ਆਂਦੇ ਸਨ। ਮਰੀਅਮ ਦੀ ਚਿੱਠੀ ਲਈ ਕਿਸ ਨੂੰ ਵਿਹਲ ਸੀ। ਆਖ਼ਰੀ ਚਿੱਠੀ ਜਿਹੜੀ ਮਰੀਅਮ ਦੀ ਇਹਨੂੰ ਆਈ ਉਸ ਵਿਚ ਉਸ ਲਿਖਿਆ ਸੀ—ਚਿੱਠੀ ਅੱਧੀ ਮੁਲਾਕਾਤ ਹੁੰਦੀ ਏ। ਤੇ ਅੱਜ ਉਹ ਅੱਧੀ ਮੁਲਾਕਾਤ ਹੋਇਆਂ ਵੀ ਕਈ ਮਹੀਨੇ ਗੁਜ਼ਰ ਗਏ ਸਨ। ਕਪਤਾਨ ਸ਼ਰੀਫ਼ ਦੁਖਿਆ-ਦੁਖਿਆ, ਰੁਆਂਸਾ-ਰੁਆਂਸਾ ਰਹਿਣ ਲੱਗ ਪਿਆ। ਕਈ ਵਾਰ ਸ਼ਾਮੀਂ ਜਦੋਂ ਆਪਣੇ ਕੈਂਪ ਵੱਲ ਉਹ ਮੁੜ ਰਿਹਾ ਹੁੰਦਾ ਤ੍ਰਕਾਲਾਂ ਵੇਲੇ ਦੇ ਪਲਾਤੇ ਪਲਾਤੇ ਹਨੇਰੇ ਵਿਚ ਉਹਨੂੰ ਲਗਦਾ ਜਿਵੇਂ ਮਰੀਅਮ ਹੋਵੇ, ਕਿਤੇ ਖਲੋਤੀ ਹੋਈ, ਕਿਤੇ ਬੈਠੀ ਹੋਈ, ਕਿਤੇ ਲੇਟੀ ਹੋਈ। ਅਜੀਬ ਛਲਾਵਾ ਸੀ। ਕਪਤਾਨ ਸ਼ਰੀਫ਼ ਨੂੰ ਇਹ ਛਲਾਵਾ ਝੱਟ ਦੇ ਝੱਟ ਲਈ ਚੰਗਾ ਲੱਗਦਾ ਤੇ ਫੇਰ ਅਸਲੀਅਤ ਨੂੰ ਜਾਣ ਕੇ ਉਹਦੇ ਮੂੰਹ ਦਾ ਸੁਆਦ ਇੰਜ ਹੋ ਜਾਂਦਾ ਜਿਵੇਂ ਕਿਸੇ ਤੁੰਮੇ ਨੂੰ ਚੱਕ ਕੱਢ ਮਾਰਿਆ ਹੋਵੇ।

ਪਿਛਲੇ ਦੋ ਦਿਨਾਂ ਤੋਂ ਤਾਂ ਇਕ ਅਜੀਬ ਤਮਾਸ਼ਾ ਕਪਤਾਨ ਸ਼ਰੀਫ਼ ਨਾਲ ਹੋ ਰਿਹਾ ਸੀ। ਚਿੱਟਾਗਾਂਗ ਦੀ ਸਬਡਵੀਜ਼ਨ ਦੇ ਪਹਾੜੀ ਇਲਾਕੇ ਵਿਚ ਰਾਮਗੜ੍ਹ ਕੋਲ ਇਕ ਕੈਂਪ ਵਿਚ ਉਨ੍ਹਾਂ ਦਾ ਡੇਰਾ ਸੀ। ਦਰਿਆ ਦੇ ਸਾਹਮਣੇ ਕੰਢੇ ਬੰਗਲਾ ਦੇਸ਼ ਸੀ ਤੇ ਇਸ ਕੰਢੇ ਤੇ ਬੀ. ਐਸ. ਐਫ਼. ਦੀ ਚੌਕੀ। ਚੌਕੀ ਦੇ ਬਾਹਰ ਇਕ ਕੇਲੇ ਦੇ ਬੂੰਡ ਤਲੇ ਬੈਠਾ ਕਪਤਾਨ ਸ਼ਰੀਫ਼ ਨੂੰ ਲਗਿਆ ਜਿਵੇਂ ਦਰਿਆ ਦੇ ਪਾਰਲੇ ਕੰਢੇ ਮਰੀਅਮ ਖਲੋਤੀ ਹੋਵੇ, ਲੰਮ ਸੁਲੰਮੀ, ਮੁਸ਼ਕੀ ਰੰਗ, ਮੋਟੀਆਂ-ਮੋਟੀਆਂ ਕਾਲੀਆਂ ਅੱਖੀਆਂ, ਗਜ਼ ਗਜ਼ ਲੰਮੇ ਵਾਲ, ਨੰਗ-ਮੁਨੰਗੀ ਨੰਗੇਜ ਨੂੰ ਬਾਹਵਾਂ ਨਾਲ ਢੱਕ ਰਹੀ। ਕਪਤਾਨ ਸ਼ਰੀਫ਼ ਸਿਰ ਤੋਂ ਲੈ ਕੇ ਪੈਰਾਂ ਤੀਕ ਕੰਬ ਗਿਆ। ਫਟੀਆਂ-ਫਟੀਆਂ ਅੱਖਾਂ। ਫੇਰ ਉਸ ਵੇਖਿਆ ਜਿਵੇਂ ਉਹਦੇ ਨਾਲ ਇਕ ਹੋਰ ਮਰੀਅਮ ਆ ਖਲੋਤੀ ਹੋਵੇ। ਲੰਮ-ਸਲੰਮੀ, ਮੁਸ਼ਕੀ ਰੰਗ, ਮੋਟੀਆਂ-ਮੋਟੀਆਂ ਕਾਲੀਆਂ ਅੱਖੀਆਂ, ਗਜ਼-ਗਜ਼ ਲੰਮੇ ਵਾਲ, ਨੰਗ-ਮੁਨੰਗੀ ਆਪਣੇ ਨੰਗੇਜ਼ ਨੂੰ ਵਾਲਾਂ ਨਾਲ ਢੱਕ ਰਹੀ। ਤੇ ਫੇਰ ਇਕ ਹੋਰ, ਇਕ ਹੋਰ, ਇਕ ਹੋਰ। ਇਕ, ਦੋ, ਤਿੰਨ, ਚਾਰ, ਪੰਜ, ਸੱਤ, ਵੀਹ, ਇੱਕੀ, ਬਾਈ ਕੁੜੀਆਂ ਸਨ। ਨਿਰੀ ਪੁਰੀ ਮਰੀਅਮ ਦੀ ਨੁਹਾਰ! ਓਸ ਵਰਗਾ ਕੱਦ-ਬੁੱਤ, ਓਸ ਵਰਗੀਆਂ ਭਰ-ਕਾਲੀਆਂ ਅੱਖੀਆਂ, ਓਸ ਵਰਗੇ ਲੰਮੇ ਵਾਲ ਗੋਡਿਆਂ-ਗੋਡਿਆਂ ਤੀਕ ਪੈ ਰਿਹੇ। ਕਪਤਾਨ ਸ਼ਰੀਫ਼ ਦੀਆਂ ਅੱਖੀਆਂ ਦੇ ਸਾਹਮਣੇ ਹਨੇਰੇ ਦੇ ਚੱਕਰ ਘੁਮਣ ਲੱਗ ਪਏ। ਉਹ ਪਸੀਨੋ ਪਸੀਨਾ ਹੋ ਗਿਆ।

ਤੇ ਫੇਰ ਉਸ ਨੇ ਵੇਖਿਆ ਤਿੰਨ ਪਾਕਿਸਤਾਨੀ ਫ਼ੌਜੀ ਫੋਲਣਿਆਂ ਵਾਂਗ ਬੰਦੂਕਾਂ ਫੜੀ ਉਨ੍ਹਾਂ ਨੂੰ ਖਦੇੜੀ ਦਰਿਆ ਦੇ ਕੰਢੇ ਵੱਲ ਲਿਆ ਰਹੇ ਸਨ। ਕੁੜੀਆਂ ਛਲ-ਛਲ ਅੱਥਰੂ ਰੋ ਰਹੀਆਂ ਸਨ। ਇਕ ਦੂਜੀ ਦੇ ਗਲ ਲੱਗ-ਲੱਗ ਫ਼ਰਿਆਦਾਂ ਕਰ ਰਹੀਆਂ ਸਨ। ਤੇ ਫ਼ੌਜੀ ਭੇਡਾਂ ਵਾਂਗ ਉਨ੍ਹਾਂ ਨੂੰ ਅੱਗੇ ਲਾਈ ਨਹਾਣ ਲਈ ਮਜਬੂਰ ਕਰ ਰਹੇ ਸਨ। ਤਣੀਆਂ ਹੋਈਆਂ ਬੰਦੂਕਾਂ ਦੇ ਪਰਛਾਵੇਂ ਵਿਚ ਕੁੜੀਆਂ ਪਾਣੀ ਵਿਚ ਉੱਤਰ ਗਈਆਂ। ਜਿਸ-ਕਿਸ ਤਰ੍ਹਾਂ ਕੁੜੀਆਂ ਨੇ ਆਪਣੇ

ਗਿੱਲਾ ਕੀਤਾ। ਤੇ ਫੇਰ ਉਂਜ-ਦੀਆਂ-ਉਂਜ ਰੋਂਦੀਆਂ, ਕਢਦੀਆਂ ਪਾਕਿਸਤਾਨੀ ਫ਼ੌਜੀ ਉਨ੍ਹਾਂ ਨੂੰ ਵਾਪਸ ਲੈ ਗਏ। ਦਰਿਆ ਦੇ ਪਾਰਲੇ ਕੰਢੇ ਵੱਲ। ਮੁੜ ਕੇ ਕੋਈ ਵੇਖਦੀ ਬਦਮਸਤ ਫ਼ੌਜੀ ਕਿਸੇ ਨੂੰ ਵਾਲਾਂ ਤੋਂ ਫੜ ਕੇ ਅੱਗੇ ਧਿਕਦੇ। ਕਿਸੇ ਨੂੰ ਛਾਤੀਆਂ ਤੋਂ ਫੜ ਕੇ ਅਗੇ ਲਾ ਲੈਂਦੇ। ਦੂਰ ਪਿੱਛੇ ਟਿੱਲੇ ਕੋਲ ਮਿਲਟਰੀ ਦਾ ਟਰੱਕ ਸੀ ਜਿਸ ਵਿਚ ਉਨ੍ਹਾਂ ਨੂੰ ਲੱਦ ਲੀਤਾ ਗਿਆ। ਤੇ ਟਰੱਕ ਸਾਹਮਣੇ ਪਹੇ ਵਿਚੋਂ ਹੁੰਦਾ ਸੜਕ ਵਲ ਨਿਕਲ ਗਿਆ।

ਜਿਵੇਂ ਵਢੋ ਤੇ ਅੰਦਰ ਰਤ ਦੀ ਕਣੀ ਨਾ ਹੋਵੇ ਕਪਤਾਨ ਸ਼ਰੀਫ਼ ਹੱਕਾ ਬੱਕਾ, ਫਟੀਆਂ-ਫਟੀਆਂ ਅੱਖੀਆਂ ਸਾਹਮਣੇ ਕੰਢੇ ਵੱਲ ਵੇਖਦਾ ਰਿਹਾ। ਪ੍ਰਛਾਵੇਂ ਢਲਣ ਲੱਗ ਪਏ।

ਤੇ ਫੇਰ ਉਸ ਨੂੰ ਯਾਦ ਆਇਆ, ਮੁਕਤੀ ਬਾਹਿਨੀ ਦੇ ਹਵਾਲਦਾਰ ਸਿਰਾਜ ਉੱਲ ਇਸਲਾਮ ਨੇ ਉਹਨੂੰ ਦਸਿਆ ਸੀ ਸਿਲਹਟ ਸ਼ਹਿਰ ਵਿਚ ਉਹਦੀ ਮੁਲਾਕਾਤ ਇਕ ਮੌਲਵੀ ਨਾਲ ਹੋਈ। ਮੌਲਵੀ ਇਕ ਜੀਪ ਵਿਚ ਬੈਠ ਕੇ ਹਵਾਈ ਅੱਡੇ ਜਾ ਰਿਹਾ ਸੀ। ਉਹ ਵੀ ਉਹਦੇ ਨਾਲ ਤੁਰ ਪਿਆ। ਹਵਾਈ ਅੱਡੇ ਤੇ ਮੌਲਵੀ ਜੀ ਨੇ ਨਮਾਜ਼ ਪੜ੍ਹਾਉਣੀ ਸੀ। ਤੇ ਫੇਰ ਫ਼ਤਵਾ ਸੁਣਾਉਣਾ ਸੀ। ਹਵਾਈ ਅੱਡੇ ਦੇ ਕੋਲ ਇਕ ਸਕੂਲ ਵਿਚ ਉਨ੍ਹਾਂ ਵੇਖਿਆ, ਤਿੰਨ ਚਾਰ ਸੌ ਨੰਗੀਆਂ ਕੁੜੀਆਂ ਡਕੀਆਂ ਹੋਈਆਂ ਸਨ। ਮੌਲਵੀ ਜੀ ਨੇ ਜੀਪ ਦੇ ਡਰਾਈਵਰ ਤੋਂ ਪੁੱਛਿਆ ਉਨ੍ਹਾਂ ਕੁੜੀਆਂ ਨੂੰ ਕਪੜੇ ਪਾਉਣ ਲਈ ਕਿਉਂ ਨਹੀਂ ਦਿਤੇ ਜਾਂਦੇ ਸਨ। ਤੇ ਅਗੋਂ ਡਰਾਈਵਰ ਨੇ ਜਵਾਬ ਦਿੱਤਾ ਸੀ—ਇਨ੍ਹਾਂ ਨੂੰ ਸਾੜੀਆਂ ਮਿਲਣ ਤੇ ਉਨ੍ਹਾਂ ਨਾਲ ਇਹ ਆਪਣੇ ਆਪ ਨੂੰ ਫਾਹ ਲਾ ਕੇ ਖ਼ੁਦਕਸ਼ੀ ਕਰ ਲੈਂਦੀਆਂ ਹਨ। ਇਸ ਲਈ ਇਨ੍ਹਾਂ ਨੂੰ ਇੰਜ ਨੰਗਿਆਂ ਹੀ ਰਖਿਆ ਜਾਂਦਾ ਹੈ।

ਬਾਈ ਜਵਾਨ ਬੰਗਾਲਣਾਂ!

ਬਾਈ ਜਵਾਨ ਕੁੜੀਆਂ, ਨੰਗ ਮੁਨੰਗੀਆਂ, ਛਲ-ਛਲ ਅੱਥਰੂ ਰੋ ਰਹੀਆਂ।

ਅਰਸ਼ੋਂ ਲੱਥੀਆਂ ਬਾਈ ਪਰੀਆਂ, ਨਿਰੀ ਪੁਰੀ ਮਰੀਅਮ ਦੀ ਨੁਹਾਰ, ਓਸ ਵਰਗਾ ਕੱਦ-ਬੁੱਤ, ਓਸ ਵਰਗੀਆਂ ਭੌਰ-ਕਾਲੀਆਂ ਅੱਖੀਆਂ, ਓਸ ਵਰਗੇ ਲੰਮੇ ਵਾਲ ਗੋਡਿਆਂ ੨ ਤੀਕ ਪੈ ਰਿਹੇ।

ਮੁੜ ੨ ਇਹ ਚਿਤਰ ਕਪਤਾਨ ਸ਼ਰੀਫ਼ ਦੀਆਂ ਅੱਖੀਆਂ ਅਗੇ ਘੁੰਮਣ ਲਗ ਪੈਂਦਾ। ਉਸ ਦਿਨ ਉਸ ਤੋਂ ਨਾ ਕੁਝ ਖਾਧਾ ਗਿਆ ਤੇ ਨਾ ਕੁਝ ਪੀਤਾ ਗਿਆ। ਭੌਰ ਭੌਰ ਅੱਖੀਆਂ ਉਹ ਅਗੇ-ਪਿਛੇ ਵੇਖਦਾ ਤੇ ਦੀਵਾਨਿਆਂ ਹਾਰ ਸਾਰੀ ਰਾਤ ਦਰਿਆ ਦੇ ਕੰਢੇ ਚੱਕਰ ਕਢਦਾ ਰਿਹਾ। ਇਕ ਛਿਣ ਭਰ ਲਈ ਉਹਨੂੰ ਨੀਂਦਰ ਨਹੀਂ ਆਈ। ਸਾਹਮਣੇ ਦਰਿਆ ਠਾਠਾਂ ਮਾਰ ਰਿਹਾ ਸੀ। ਅਜ ਕਲ੍ਹ ਦਰਿਆ ਦਾ ਪਾਟ ਕਿਤਨਾ ਵਧ ਗਿਆ ਸੀ।

ਅਗਲੀ ਸਵੇਰ ਉਸ ਦੇ ਸਾਥੀਆਂ ਨੇ ਵੇਖਿਆ ਹਲਕੀ ਮਸ਼ੀਨ ਗੰਨ ਲਈ ਸ਼ਰੀਫ਼ ਦਰਿਆ ਦੇ ਕੰਢੇ ਅੰਬ ਦੇ ਰੁੱਖ ਹੇਠ ਸਮਾਧੀ ਲਾਈ ਬੈਠਾ ਸੀ। ਕਿਸੇ ਨੂੰ ਕੁਝ ਸਮਝ ਨਹੀਂ ਆ ਰਹੀ ਸੀ। ਬਾਕੀ ਅਮਲਾ ਆਪੋ-ਆਪਣੀ ਡਯੂਟੀ ਤੇ ਤੁਰ ਗਿਆ।

ਸਵੇਰ ਉਂਜ-ਦੀ-ਉਂਜ ਗੁਜ਼ਰ ਗਈ। ਦੁਪਹਿਰ ਹੋ ਗਈ। ਦੁਪਹਿਰ ਢਲਣ ਲੱਗੀ। ਠੀਕ ਕਲ੍ਹ ਦੇ ਵੇਲੇ ਉਸ ਵੇਖਿਆ ਸਾਹਮਣੇ ਸੜਕ ਤੇ ਧੂੜ ਉੱਡ ਰਹੀ ਸੀ। ਤੇ ਫੇਰ ਮਿਲਟਰੀ ਦਾ ਟਰੱਕ ਪਰ੍ਹੇ ਵਲ ਆਉਂਦਾ ਵਿਖਾਈ ਦਿੱਤਾ। ਟਿੱਲੇ ਦੇ ਕੋਲ ਕਲ੍ਹ ਵਾਲੀ ਥਾਂ ਟਰੱਕ ਆ ਕੇ ਰੁਕ ਗਿਆ!

ਤੇ ਟਰੱਕ ਵਿਚੋਂ ਕਲ੍ਹ ਵਾਂਗ ਬਾਈ ਜਵਾਨ ਬੰਗਾਲਣਾਂ ਇਕ ਇਕ ਕਰ ਕੇ ਬਾਹਰ ਨਿਕਲੀਆਂ। ਉਂਜ-ਦੀਆਂ-ਉਂਜ ਨੰਗ-ਮੁਨੰਗੀਆਂ। ਉਂਜ-ਦੇ-ਉਂਜ ਤਿੰਨ ਬਦਮਸਤ ਪਾਕਿਸ-ਤਾਨੀ ਫ਼ੌਜੀ ਬੰਦੂਕਾਂ ਦੀ ਨੋਕ ਨਾਲ ਉਨ੍ਹਾਂ ਨੂੰ ਅੱਗੇ ਲਾ ਕੇ ਦਰਿਆ ਵਲ ਲੈ ਆਏ। ਉਂਜ-ਦੇ-ਉਂਜ ਉਹਨਾਂ ਨੂੰ ਨਹਾਣ ਲਈ ਮਜਬੂਰ ਕਰ ਰਹੇ ਸਨ। ਤੇ ਫੇਰ ਉਂਜ ਦੇ ਉਂਜ ਉਨ੍ਹਾਂ ਨੂੰ ਹੇਠ ਪਾਣੀ ਵਿਚ ਉਤਾਰ ਕੇ ਆਪ ਬੰਦੂਕਾਂ ਤਾਣੀ ਉਨ੍ਹਾਂ ਦੀ ਰਾਖੀ ਕਰਨ ਲੱਗ ਪਏ। ਜਿਵੇਂ ਬਾਈ ਕੂੰਜਾਂ ਹੋਣ। ਕੁੜੀਆਂ ਉਂਜ ਦੀਆਂ ਉਂਜ ਛਲ ਛਲ ਅੱਥਰੂ ਰੋ ਰਹੀਆਂ ਸਨ। ਤੇ ਪਾਕਿਸਤਾਨੀ ਫ਼ੌਜੀ ਉਨ੍ਹਾਂ ਨੂੰ ਉਂਜ ਦੇ ਉਂਜ ਬੁਰਾ ਭਲਾ ਕਹਿ ਰਹੇ ਸਨ।

ਕੁੜੀਆਂ ਫ਼ੌਜੀਆਂ ਤੋਂ ਨਿਖੜ ਕੇ ਹੇਠ ਦਰਿਆ ਵਲ ਲੱਥ ਰਹੀਆਂ ਸਨ। ਤਿੰਨੋ ਦੇ ਤਿੰਨ ਫ਼ੌਜੀ ਬੰਦੂਕਾਂ ਤਾਣੀ ਆਪਣੇ ਆਪਣੇ ਟਿੱਬੇ ਤੇ ਜਾ ਖਲੋਤੇ ਸਨ। ਇਤਨੇ ਵਿਚ ਕਪਤਾਨ ਸ਼ਰੀਫ਼ ਨੇ ਤੜ ੨ ਆਪਣੀ ਮਸ਼ੀਨ ਗੰਨ ਨਾਲ ਤਿੰਨ ਦੇ ਤਿੰਨ ਪਾਕਿਸਤਾਨੀਆਂ ਨੂੰ ਦਾਣਿਆਂ ਵਾਂਗ ਭੁੰਨ

ਸੁਟਿਆ ।

ਬਾਈ ਜਵਾਨ ਬੰਗਾਲਣਾਂ ਹੁਣ ਆਜ਼ਾਦ ਸਨ । ਸਾਹਮਣੇ ਬਦਮਸਤ ਫੌਜੀ ਭੂਠੀ ਹੋਏ ਪਏ ਸਨ । ਬਾਈ ਜਵਾਨ ਬੰਗਾਲਣਾਂ ਨੇ ਇਹ ਵੇਖਿਆ ਤੇ ਇਕੋ ਸਾਹ ਦੌੜਦੀਆਂ ਠਾਠਾਂ ਮਾਰ ਰਹੇ ਦਰਿਆ ਵਿਚ ਕੁੱਦ ਪਈਆਂ ਤੇ ਇਕ ਅੱਖ ਪਲਕਾਰੇ ਵਿਚ ਪਾਣੀ ਦੀਆਂ ਲਹਿਰਾਂ ਵਿਚ ਅਲੋਪ ਹੋ ਗਈਆਂ ।

ਕਪਤਾਨ ਸ਼ਰੀਫ਼ ਬਿਟ-ਬਿਟ ਵੇਖ ਰਿਹਾ ਸੀ । ਬਾਈ ਜਵਾਨ ਬੰਗਾਲਣਾਂ ਕਿਤੇ ਵੀ ਨਹੀਂ ਸਨ । ਬੇਆਬਰੂ ਹੋਈਆਂ ਬਾਈ ਜਵਾਨ ਬੰਗਾਲਣਾਂ ਆਪਣਾ ਮਰ ਸਕਣ ਦਾ ਹੱਕ ਪਾ ਗਈਆਂ ਸਨ ।

ਪੀ—7 ਹੌਜ਼ ਖਾਸ ਐਨਕਲੇਵ
ਨਵੀਂ ਦਿੱਲੀ—16

# ਮਨੀਪਲਾਂਟ

## ਵਿਸ਼ਵਾ ਨਾਥ ਤਿਵਾੜੀ

ਉਹ ਚੁਪ ਚਾਪ ਉਸ ਦੇ ਕਮਰੇ ਵਿਚ ਦਾਖਲ ਹੋਈ ਤੇ ਬਗ਼ੈਰ ਉਸ ਵਲ ਵੇਖੇ ਉਸ ਦੇ ਸਾਹਮਣੇ ਬੈਠ ਗਈ ।

'ਤੂੰ,' ਮੁੰਡੇ ਦੇ ਮੂੰਹੋਂ ਇੰਜ ਨਿਕਲਿਆ ਜਿਵੇਂ ਕਰੰਟ ਲਗਾ ਹੋਵੇ ।

'ਹਾਂ ਮੈਂ' ਕੁੜੀ ਦੇ ਧੁਰ ਅੰਦਰੋਂ ਅਵਾਜ਼ ਨਿਕਲੀ ਤੇ ਬੁਲ੍ਹਾਂ ਤੇ ਜੰਮੀ ਸਿੱਕਰੀ ਉਸ ਦੀ ਝੋਲੀ ਵਿਚ ਡਿੱਗ ਪਈ । ਉਸ ਨੇ ਚੁੰਨੀ ਨਾਲ ਆਪਣੇ ਬੁਲ੍ਹ ਪੂੰਝੇ ਤੇ ਫੇਰ ਸਾਰੇ ਕਮਰੇ ਵਲ ਇਕ ਇਕ ਵਿਰਵੀਂ ਨਜ਼ਰ ਸੁੱਟੀ-ਕਮਰਾ ਉਸ ਨੂੰ ਬੜਾ ਓਪਰਾ ਲੱਗਾ । ਸਾਹਮਣੀ ਸ਼ੈਲਫ ਵਿਚ ਕਿਤਾਬਾਂ, ਖੱਬੇ ਹੱਥ ਮੂਹੜੇ ਦੇ ਪਾਸ ਹੀ ਤਿਪਾਈ, ਤਿਪਾਈ ਤੇ ਮਨੀਪਲਾਂਟ ਵਾਲੀ ਬੋਤਲ, ਸਭ ਕੁਝ ਓਵੇਂ ਦਾ ਓਵੇਂ ਜਿਵੇਂ ਪਹਿਲੇ ਹੋਇਆ ਕਰਦਾ ਸੀ । ਪਰ ਫਿਰ ਵੀ ਅੱਜ ਉਸ ਨੂੰ ਕਮਰਾ ਬੜਾ 'ਓਪਰਾ' ਲਗ ਰਿਹਾ ਸੀ । ਉਸ ਨੇ ਯਾਦ ਕਰਨ ਦੀ ਕੋਸ਼ਿਸ਼ ਕੀਤੀ ਕਿ ਕੀ ਉਹ ਇਸ ਕਮਰੇ ਵਿਚ ਪਹਿਲਾਂ ਕਦੇ ਆਈ ਹੈ ? ਉਸ ਦੀ ਯਾਦਾਸ਼ਤ ਨੇ ਕਿਹਾ 'ਹਾਂ' । "ਫਿਰ ਇਹ ਕਮਰਾ ਅਜ ਏਨਾ ਓਪਰਾ ਕਿਉਂ ਲੱਗ ਰਿਹਾ ਹੈ ? ਉਸ ਦੀ ਨਜ਼ਰ ਕਮਰੇ ਵਿਚ ਫਿਰ ਘੁੰਮੀ, ਸ਼ੈਲਫ, ਕਿਤਾਬਾਂ ਮੂਹੜਾ, ਤਿਪਾਈ ਤੇ ਮਨੀ ਪਲਾਂਟ, ਉਸ ਦੀ ਨਜ਼ਰ ਉਸ ਤੇ ਟਿਕ ਗਈ । ਮਨੀ ਪਲਾਂਟ ਦੇ ਦੋ ਪਤਿਆਂ ਵਿਚਕਾਰ ਫੁਟ ਰਹੀ ਇਕ ਪੱਤੀ ਤੇ ਕੀੜਾ ਬੈਠਾ ਹੋਇਆ ਸੀ । ਉਸ ਨੂੰ ਬੋਤਲ ਦੇ ਪਾਣੀ ਚੋਂ ਇਕ ਸੜਿਆਂਦ ਆਉਂਦੀ ਮਹਿਸੂਸ ਹੋਈ ।

"ਮੈਂ ਤੈਨੂੰ ਲਿਖਿਆ ਸੀ, ਜਿੰਨਾ ਚਿਰ ਲੇਡੀ ਡਾਕਟਰ ਦਾ ਪ੍ਰਬੰਧ ਨਹੀਂ ਹੋ ਜਾਂਦਾ ਤੂੰ ਨਾ ਆਵੀਂ ।" ਕੁੜੀ ਨੇ ਤ੍ਰਬਕ ਕੇ ਮੁੰਡੇ ਵਲ ਵੇਖਿਆ—ਉਸ ਨੂੰ ਲਗਾ ਉਹ ਕਿਸੇ ਹੋਰ ਨੂੰ ਵੇਖ ਰਹੀ ਹੈ । ਕੁੜੀ ਨੇ ਮੂੰਹ ਘੁੱਟ ਕੇ ਜ਼ਬਾਨ ਤਰ ਕਰਨ ਦੀ ਕੋਸ਼ਿਸ਼ ਕੀਤੀ । ਮੁੰਡੇ ਦੇ ਲਫਜ਼ ਉਸ ਦੇ ਕੰਨਾਂ ਵਿਚ ਪੈਣ ਦੀ ਥਾਵੇਂ ਸੰਘ ਵਿਚ ਅੜ ਗਏ ਸਨ ।

ਤੂੰ ਸਮਝ ਨਹੀਂ ਸਕਦੀ—ਤੇਰਾ ਇੰਜ ਆਉਣ ਕਿੰਨਾ ਖ਼ਤਰਨਾਕ ਹੈ ਸਾਰਾ ਕੰਮ ਵਿਗਾੜ ਸਕਦਾ ਹੈ । ਮੁੰਡੇ ਨੇ ਸਿਗਰਟ ਦਾ ਇਕ ਲੰਮਾ ਕਸ਼ ਖਿਚਿਆ ਤੇ ਰਾਖ ਝਾੜੀ । ਰਾਖ ਉਡੀ ਤੇ ਕੁੜੀ ਦੇ ਮੱਥੇ ਤੇ ਪੈ ਗਈ । ਕੁੜੀ ਨੂੰ ਸਮਝ

ਮੇਰੀ ਰਚਨਾ ਹੀ ਪਾਠਕ ਨੂੰ ਮੇਰਾ ਸੰਦੇਸ਼ ਹੈ । ਪਾਠਕ ਦੀ ਰਾਏ, ਟੀਕਾ ਟਿੱਪਣੀ ਅਤੇ ਸੁਝਾ ਲੇਖਕ ਨੂੰ ਉਤਸ਼ਾਹ ਵੀ ਦੇਂਦੀ ਹੈ ਅਤੇ ਰਾਹ ਵੀ ਵਿਖਾਉਂਦੀ ਹੈ ।

ਨ ਆਈ—ਕਿ 'ਵਿਗੜ' ਚੁਕਿਆ ਕੰਮ ਮੁੜ ਕਿਵੇਂ 'ਵਿਗੜ' ਸਕਦਾ ਹੈ ? ਤੇ ਉਸ ਨੇ ਨੀਵੀਂ ਪਾ ਲਈ ।

"ਤੂੰ ਤੇ ਐਵੇਂ ਘਬਰਾ ਰਹੀ ਏਂ—ਆਫਟਰ ਆਲ ਨਜਾਇਜ਼ ਕੰਮ ਕਰਾਉਣਾ ਕੋਈ ਆਸਾਨ ਨਹੀਂ ਇਕ ਦੋ ਦਿਨ ਲਗ ਸਕਦੇ ਨੇ ।" ਕੁੜੀ ਦੇ ਦੰਦਾਂ ਹੇਠ ਨਜਾਇਜ਼ ਲਫਜ਼ ਚਿੱਥਿਆ ਗਿਆ । ਮਰਦ ਪਲਾਂ ਵਿਚ 'ਜਾਇਜ਼ ਕੁੜੀ' ਨੂੰ 'ਨਜਾਇਜ਼ ਮਾਂ' ਵਿਚ ਬਦਲ ਸਕਦਾ ਹੈ ਤੇ ਜਾਇਜ਼ ਮਾਂ ਨੂੰ ਨਜਾਇਜ ਕੁੜੀ ਵਿਚ ਬਦਲਣ ਲਈ ਦੋ ਤਿੰਨ ਦਿਨ ਲਗ ਸਕਦੇ ਹਨ ।" ਉਸ ਦੇ ਦਿਮਾਗ ਨੂੰ ਬੜੀ ਤੇਜ਼ ਬੋ ਚੜ੍ਹੀ ਉਸ ਨੇ ਮੁੜ ਮਨੀ ਪਲਾਂਟ ਵੱਲ ਤਕਿਆ । ਕੀੜਾ ਨਵੀਂ ਜੰਮ ਰਹੀ ਪਤੀ ਨੂੰ ਜਫਾ ਮਾਰੀ ਬੈਠਾ ਸੀ ।

ਮੁੰਡਾ ਉਠਿਆ ਤੇ ਇਲੈਕਟ੍ਰਿਕ ਕੈਟਲ ਸਵਿਚ ਆਨ ਕਰਕੇ ਮੁੜ ਦੀਵਾਨ ਤੇ ਆ ਬੈਠਾ । ਕੁੜੀ ਦੇ ਦਿਮਾਗ ਵਿਚ ਕੇਤਲੀ ਦੇ ਤਪੇ ਪਾਣੀ ਵਾਂਗ ਕਿੰਨੇ ਹੀ ਲਫਜ਼ ਉਬਲਣ ਲਗੇ ।

"ਮੈਂ ਤੈਨੂੰ ਪਿਆਰ ਕਰਦਾ ਹਾਂ, ਮੈਂ ਤੈਨੂੰ ਆਪਣੇ ਜਿਸਮ ਦਾ ਆਪਣੇ ਜੀਵਨ ਦਾ ਹਿੱਸਾ ਮੰਨਦਾ ਹਾਂ । ਮੈਨੂੰ ਇਸ ਸਮਾਜ ਨਾਲ ਨਫ਼ਰਤ ਹੈ—ਮੈਂ ਸਮਾਜ ਦੀ ਪ੍ਰਵਾਨਗੀ ਦੀ ਕੀ ਪ੍ਰਵਾਹ ਕਰਦਾ ਹਾਂ—ਤੂੰ ਮੇਰੀ ਏਂ ਮੇਰੀ—ਸਾਰੀ ਦੀ ਸਾਰੀ ਮੇਰੀ, ਤੇ ਮੈਂ ਤੇਰਾ ਹਾਂ ਤੇਰਾ ਸਾਰੇ ਦਾ ਸਾਰਾ ਤੇਰਾ, ਆਦਮ ਨੇ ਜਦ ਹਵਾ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਇਆ ਸੀ ... ... ਉਦੋਂ ਉਥੇ ਪ੍ਰਵਾਨਗੀ ਲਈ ਕੌਣ ਸੀ ?... ਉਸ ਨੂੰ ਆਪਣੇ ਜਿਸਮ ਦੁਆਲੇ ਬੜੀ ਪੀਡੀ ਪਕੜ ਮਹਿਸੂਸ ਹੋਈ—ਉਸ ਨੇ ਦੋ ਤਿੰਨ ਲੰਮੇ ਲੰਮੇ ਸਾਹ ਲਏ । ਆਪਣੀ ਹੋਂਦ ਨੂੰ ਮਹਿਸੂਸ ਕਰਨ ਲਈ ਪਰ ਉਸ ਨੂੰ ਲਗਾ ਉਹ ਪਿਘਲੀ ਜਾ ਰਹੀ ਹੈ—ਮੋਮ ਵਾਂਗ । ਸ਼ਾਇਦ ਉਸ ਨੂੰ ਉਲਟੀ ਆ ਰਹੀ ਸੀ ।

ਮੁੰਡੇ ਨੇ ਕਾਹਵੇ ਦਾ ਇਕ ਕੱਪ ਨਾਲ ਐਰਗਾ ਟੈਬ ਦੀ ਇਕ ਗੋਲੀ ਕੁੜੀ ਵਲ ਕੀਤੀ ਤੇ ਕਿਹਾ "ਬਲੈਕ ਟੀ ਨਾਲ ਇਹ ਗੋਲੀ ਲੈ ਲੈ—ਜੀਅ ਨਹੀਂ ਮਤਿਆਏਗਾ ।" ਗੋਲੀ ਨੂੰ ਜ਼ਬਾਨ ਤੇ ਰਖਦਿਆਂ ਕੁੜੀ ਨੂੰ ਲੱਗਾ ਜਿਵੇਂ ਮਨੀ ਪਲਾਂਟ ਤੇ ਬੈਠਾ ਕੀੜਾ ਉਸ ਦੀ ਜ਼ਬਾਨ ਤੇ ਰਖਿਆ ਗਿਆ ਹੋਵੇ—ਉਸ ਨੇ ਗੋਲੀ ਥੁੱਕ ਦਿਤੀ ।

'ਇਹ ਕੀ ? ਮੁੰਡਾ ਇਕ ਦਮ ਚੀਕਿਆ ।

"ਤੂੰ ਇਕ ਨਜਾਇਜ਼ ਬਾਪ ਏਂ—ਮੈਂ ਇਕ ਨਜਾਇਜ਼ ਮਾਂ ਹਾਂ—ਪਰ ਇਹ ਬੱਚਾ ਜੋ ਤੇਰੀ ਕੁੱਖ ਤੋਂ ਮੇਰੀ ਕੁੱਖ ਵਿਚ ਆਇਆ ਏ ਉਹ ਜਾਇਜ਼ ਏ ਇਸ ਲਈ ਮੈਂ ਇਸ ਦਾ ਕਤਲ ਨਹੀਂ ਕਰ ਸਕਦੀ । ਉਹ ਉਠੀ ਤੇ ਮਨੀ ਪਲਾਂਟ ਤੇ ਬੈਠੇ ਕੀੜੇ ਨੂੰ ਲਾਹ ਕੇ ਜੁੱਤੀ ਹੇਠ ਮਸਲ ਦਿਤਾ ।

ਪੰਜਾਬੀ ਵਿਭਾਗ,<br>ਪੰਜਾਬ ਯੂਨੀਵਰਸਟੀ,<br>ਚੰਡੀਗੜ੍ਹ ।

*

# ਲੋਹੜੀ

ਹਰਨੇਕ ਕੋਮਲ

ਜੋ ਚੰਦ ਬੱਚਿਆਂ ਨੂੰ ਕਹਿਕੇ ਆਇਆ ਸੀ ਕਿ ਉਨ੍ਹਾਂ ਲਈ ਬੜਾ ਕੁਝ ਲਿਆਵੇਗਾ । ਦਫਤਰ ਆਉਂਦਿਆਂ ਹੀ ਉਹ ਮੇਜ਼ ਕੁਰਸੀਆਂ ਝਾੜਨ ਲੱਗ ਪਿਆ । ਫਾਈਲਾਂ ਥਾਂ ਸਿਰ ਰੱਖੀਆਂ । ਸਾਹਬ ਦੇ ਕਮਰੇ ਨੂੰ ਤਾਂ ਉਸਨੇ ਬੜੀਆਂ ਰੀਝਾਂ ਨਾਲ ਸਾਫ ਕੀਤਾ । ਮੇਜ਼ 'ਤੇ ਰੱਖੇ ਸ਼ੀਸ਼ੇ ਨੂੰ ਗਿੱਲਾ ਕਪੜਾ ਫੇਰਕੇ ਪੂੰਝਿਆ । ਬੂਹੇ ਅਤੇ ਖਿੜਕੀਆਂ ਦੇ ਸ਼ੀਸ਼ਿਆਂ ਤੋਂ ਗਰਦ ਝਾੜਕੇ ਲਿਸ਼ਕਾ ਦਿੱਤੇ । ਮੈਂਟਲਪੀਸ ਤੇ ਪਈ ਮਹਾਤਮਾਂ ਗਾਂਧੀ ਅਤੇ ਰਾਸ਼ਟਰਪਤੀ ਦੀ ਤਸਵੀਰ ਤੋਂ ਜੰਮੀ ਗਰਦ ਝਾੜੀ । ਅੱਜ ਉਹ ਆਪਣੇ ਸਾਹਬ ਨੂੰ ਖੁਸ਼ ਕਰਨਾ ਚਾਹੁੰਦਾ ਸੀ—ਅੱਜ ਲੋਹੜੀ ਜੁ ਸੀ ਤੇ ਅੱਜ ਉਸਨੂੰ ਸਾਹਬ ਪਾਸੋਂ ਕੁਝ ਨਾ ਕੁਝ ਮਿਲਣ ਦੀ ਆਸ ਸੀ । ਸ਼ਾਇਦ ਦੋ-ਚਾਰ ਰੁਪਏ ਹੀ ਮਿਲ ਜਾਣ ਤੇ ਆਪਣੇ ਬੱਚਿਆਂ ਲਈ ਗੱਚਕ, ਰੇਵੜੀਆਂ ਤੇ ਥੋੜੇ ਬਹੁਤੇ ਕਾਜੂ ਲੈ ਜਾਵੇਗਾ । ਬੱਚੇ ਵਿਹੜੇ 'ਚ ਪਾਥੀਆਂ ਦੀ ਧੂੰਈਂ ਸੇਕ ਰਹੇ ਹੋਣਗੇ ਤੇ ਉਹ ਇਹ ਸਾਰਾ ਕੁਝ ਜਦ ਉਨ੍ਹਾਂ ਨੂੰ ਦੇਵੇਗਾ ਤਾਂ ਬੱਚੇ ਕਿੰਨਾ ਖੁਸ਼ ਹੋਣਗੇ । ਉਹ ਸੋਚ ਰਿਹਾ ਸੀ ।

ਦਫਤਰ ਦਾ ਸਮਾਂ ਹੋ ਗਿਆ। ਬਾਊ ਲੋਕ ਆਉਣੇ ਸ਼ੁਰੂ ਹੋ ਗਏ। ਗਲੀ-ਮਹੱਲੇ ਦੇ ਲੜਾਈ ਝਗੜਿਆਂ ਤੋਂ ਲੈ ਕੇ ਵਿਸ਼ਵ ਭਰ ਦੇ ਮਸਲਿਆਂ ਤੇ ਚੂੰਜ ਚਰਚਾ ਹੋਣ ਲੱਗੀ। ਘੰਟਾ ਕੁ ਦੇਰ ਨਾਲ ਸਾਹਬ ਆਇਆ ਤੇ ਸਾਹਬ ਦੇ ਆਉਂਦਿਆਂ ਹੀ ਬਾਊ ਲੋਕ ਆਪੋ ਆਪਣੀਆਂ ਕੁਰਸੀਆਂ ਨਾਲ ਚੰਬੜ ਗਏ। ਦਫਤਰ ਦੀਆਂ ਫਾਈਲਾਂ ਦੇ ਵਰਕੇ ਹਰਕਤ ਵਿਚ ਆ ਗਏ। ਜੈ ਚੰਦ ਨੇ ਸਾਹਬ ਦੇ ਕਮਰੇ ਦਾ ਬੂਹਾ ਖੋਹਲਿਆ ਤੇ ਬੂਹੇ 'ਚੋਂ ਲੰਘਦੇ ਸਾਹਬ ਨੂੰ ਸਾਵਧਾਨ ਹੋ ਕੇ ਸਲੂਟ ਮਾਰਿਆ।

ਸਾਹਬ ਬੈਠ ਗਿਆ ਤੇ ਜੈ ਚੰਦ ਰੋਜ਼ ਵਾਂਗ ਕੋਠੀ ਚਲਾ ਗਿਆ। ਨਿੱਕੇ ਮੋਟੇ ਕਿੰਨੇ ਹੀ ਕੰਮ ਉਸਨੂੰ ਉਡੀਕ ਰਹੇ ਸਨ। ਉਹ ਕੰਮ ਵੀ ਕਰਦਾ ਰਿਹਾ ਤੇ ਲੋਹੜੀ ਮੰਗਣ ਬਾਰੇ ਵੀ ਸੋਚਦਾ ਰਿਹਾ। ਲੋਹੜੀ ਸਾਹਬ ਪਾਸੋਂ ਮੰਗੀ ਜਾਵੇ ਜਾਂ ਬੀਬੀ ਜੀ ਪਾਸੋਂ—ਉਹ ਦੁਬਧਾ ਵਿਚ ਸੀ। ਕੰਮ ਤੋਂ ਵਿਹਲਾ ਹੋ ਕੇ ਉਹ ਸਬਜ਼ੀ ਲੈਣ ਲਈ ਬਜ਼ਾਰ ਚਲਾ ਗਿਆ ਤੇ ਸਬਜ਼ੀ ਲਿਆ ਕੇ ਉਹ ਫਿਰ ਦਫਤਰ ਆ ਗਿਆ। ਫਾਈਲਾਂ ਇਧਰ ਉਧਰ ਪਹੁੰਚਾਉਂਦਿਆਂ ਕਾਫੀ ਸਮਾਂ ਬੀਤ ਗਿਆ। ਇਕ ਵਾਰ ਉਸਦਾ ਜੀ ਕੀਤਾ ਕਿ ਹੈੱਡ ਕਲਰਕ ਤੇ ਹੋਰ ਬਾਊਆਂ ਪਾਸੋਂ ਵੀ ਲੋਹੜੀ ਮੰਗ ਵੇਖੇ ਪਰ ਫਿਰ ਉਨ੍ਹਾਂ ਦੇ ਹਾਲਾਤ ਬਾਰੇ ਮਨ ਹੀ ਮਨ ਵਿਚ ਸੋਚਕੇ ਮੁਸਕਰਾ ਪਿਆ।

ਸਾਹਬ ਖਾਣਾ ਖਾਣ ਚਲਾ ਗਿਆ ਤੇ ਜਦ ਉਹ ਖਾਣਾ ਖਾ ਕੇ ਵਾਪਸ ਆਇਆ ਤਾਂ ਜੈ ਚੰਦ ਨੇ ਝਿਜਕਦਿਆਂ ਹੋਇਆਂ ਕਹਿ ਹੀ ਦਿੱਤਾ, 'ਰਾਇ ਸਾਹਬ, ਅੱਜ ਲੋਹੜੀ ਏ, ਕੁਝ ਦੇ ਦਿਓ ਬਚਿਆਂ ਲਈ!'

'ਲੋਹੜੀ ਦਫਤਰ 'ਚ ਨਹੀਂ, ਘਰ ਮੰਗੀ ਦੀ ਏ। ਆਪਣੀ ਬੀਬੀ ਜੀ ਪਾਸੋਂ ਲੈ ਲਵੋ ਘਰ ਜਾ ਕੇ, ਸ਼ਾਇਦ ਕੋਈ ਹੋਰ ਵੀ ਕੰਮ ਹੋਵੇ—ਉਹ ਵੀ ਕਰ ਆਵੀਂ!'

'ਬਹੁਤ ਅੱਛਾ ਹਜ਼ੂਰ!' ਕਹਿ ਕੇ ਜੈ ਚੰਦ ਕੋਠੀ ਚਲਾ ਗਿਆ।

ਇਸ ਤੋਂ ਪਹਿਲਾਂ ਕਿ ਉਹ ਬੀਬੀ ਜੀ ਪਾਸੋਂ ਲੋਹੜੀ ਮੰਗਦਾ, ਉਸਨੂੰ ਹੁਕਮ ਮਿਲ ਗਿਆ, 'ਜੈ ਚੰਦ, ਕੋਲੇ ਮੁੱਕੇ ਪਏ ਨੇ, ਲੈ ਆ ਜਾ ਕੇ!' ਖਾਲੀ ਜਿਹਾ ਮਨ ਲੈ ਕੇ ਉਹ ਖਾਲੀ ਬੋਰੀ ਸਾਈਕਲ ਦੇ ਪਿਛੇ ਰੱਖ ਕੇ ਡਿੱਪੂ ਵੱਲ ਤੁਰ ਪਿਆ। ਤੇ ਡਿੱਪੂ ਤੇ ਲੱਗੀ ਲੰਮੀ ਸਾਰੀ ਲਾਈਨ ਦੇ ਆਖੀਰ ਤੇ ਖੜੋ ਗਿਆ। ਦੋ ਘੰਟਿਆਂ ਦੀ ਖੱਜਲ ਖ਼ੁਆਰੀ ਮਗਰੋਂ ਉਹ ਕੋਲੇ ਲੈ ਕੇ ਵਾਪਸ ਆਇਆ। ਇਨੇ ਨੂੰ ਬਚਿਆਂ ਦੇ ਸਕੂਲੋਂ ਆਉਣ ਦਾ ਵੇਲਾ ਹੋ ਗਿਆ। ਸਵੇਰ ਵੇਲੇ ਸਾਹਬ ਬਚਿਆਂ ਨੂੰ ਆਪ ਕਾਰ ਤੇ ਛੱਡ ਆਉਂਦਾ ਸੀ ਪਰ ਦੁਪਹਿਰ ਸਮੇਂ ਵਿਹਲ ਨਾ ਹੋਣ ਕਰਕੇ ਬੱਚਿਆਂ ਨੂੰ ਸਕੂਲੋਂ ਲਿਆਉਣ ਦੀ ਜ਼ਿਮੇਂਵਾਰੀ ਜੈ ਚੰਦ ਦੀ ਸੀ। ਉਹ ਕੋਲਿਆਂ ਦੀ ਬੋਰੀ ਘਰ ਸੁਟ ਕੇ ਬੱਚਿਆਂ ਨੂੰ ਲੈਣ ਚਲਾ ਗਿਆ।

ਘਰ ਆ ਕੇ ਬੱਚਿਆਂ ਨੂੰ ਸਾਈਕਲ ਤੋਂ ਉਤਾਰਨ ਦੀ ਦੇਰ ਹੀ ਸੀ ਕਿ ਨਵਾਂ ਹੁਕਮ ਮਿਲ ਗਿਆ। 'ਜੈ ਚੰਦ, ਥੋੜੇ ਜਹੇ ਕੋਲੇ ਪਏ ਨੇ ਉਨ੍ਹਾਂ ਨਾਲ ਅੰਗੀਠੀ ਜਲਾ ਦੇ ਤੇ ਫਿਰ ਅੱਜ ਜਿਹੜੇ ਕੋਲੇ ਲਿਆਂਦੇ ਨੇ ਉਹ ਬਰੀਕ ਕਰ ਦਈਂ!' ਨਾਂਹ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਅੰਗੀਠੀ ਬਾਲ ਕੇ ਉਹ ਹਥੌੜੀ ਨਾਲ ਕੋਲੇ ਬਰੀਕ ਕਰਨ ਲੱਗਾ। ਪਤਾ ਨਹੀਂ ਉਹ ਦੂਜੇ ਚੌਥੇ ਦਰਜੇ ਦੇ ਕਰਮਚਾਰੀਆਂ ਵਾਂਗ ਮੂੰਹ ਫਾੜ ਕਿਉਂ ਨਹੀਂ ਸੀ ਬਣ ਸਕਿਆ। ਬੜੀ ਮੁਸ਼ਕਲ ਨਾਲ ਉਸਨੇ ਬੀਬੀ ਜੀ ਪਾਸੋਂ ਲੋਹੜੀ ਮੰਗਣ ਦਾ ਹੌਂਸਲਾ ਕੀਤਾ। 'ਪਹਿਲਾਂ ਕੰਮ ਤਾਂ ਨਿਬੇੜ ਲੈ, ਜਾਣ ਲਗੇ ਨੂੰ ਲੋਹੜੀ ਵੀ ਮਿਲ ਜਾਏਗੀ।' ਇਹ ਉੱਤਰ ਸੁਣ ਕੇ ਉਹ ਫਿਰ ਕੰਮ ਵਿਚ ਮਗਨ ਹੋ ਗਿਆ।

ਸ਼ਾਮ ਉਤਰ ਰਹੀ ਸੀ। ਠੇਕੇਦਾਰ ਤੇ ਇਸ ਕਿਸਮ ਦੇ ਹੋਰ ਲੋਕਾਂ ਵਲੋਂ, ਜਿਨ੍ਹਾਂ ਨੂੰ 'ਸਾਹਬ' ਤੱਕ ਕੰਮ ਪੈਂਦਾ ਸੀ, ਡਰਾਈ ਫਰੂਟ ਤੇ ਹੋਰ ਬੜਾ ਕੁਝ ਕੋਠੀ ਪਹੁੰਚ ਰਿਹਾ ਸੀ। ਅੱਜ ਲੋਹੜੀ ਜੁ ਸੀ!

---

ਆਲੋਚਕ ਭਾਵੇਂ ਸਹਿਮਤ ਨਾ ਹੋਣ ਪਰ ਇਹ ਮੇਰਾ ਨਿੱਜੀ ਅਨੁਭਵ ਹੈ ਕਿ ਕਵਿਤਾ ਵਿਚ ਸਿਰਫ਼ ਆਪਣੀ ਗੱਲ ਹੀ ਵਧੇਰੇ ਕਹੀ ਜਾ ਸਕਦੀ ਹੈ ਪਰ ਕਹਾਣੀ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਬਹੁਤ ਸਾਰੇ ਲੋਕਾਂ ਦੀ ਗੱਲ ਕੀਤੀ ਜਾ ਸਕਦੀ ਹੈ। ਸੋਚ ਰਿਹਾ ਹਾਂ—ਮੈਨੂੰ ਬਹੁਤ ਸਾਰੀਆਂ ਕਹਾਣੀਆਂ ਲਿਖਣੀਆਂ ਚਾਹੀਦੀਆਂ ਹਨ, ਬਹੁਤ ਵਧੀਆ ਕਹਾਣੀਆਂ ਲਿਖਣੀਆਂ ਚਾਹੀਦੀਆਂ ਹਨ। ਕਾਸ਼! ਅਜਿਹਾ ਹੋ ਸਕੇ।

ਜੈ ਚੰਦ ਦੇ ਸਾਹਬ ਨੇ ਆਪਣੇ ਦੋਸਤਾਂ-ਮਿਤਰਾਂ ਨਾਲ ਲੋਹੜੀ ਦੀ ਸ਼ਾਮ ਮਨਾਉਣ ਦਾ ਪ੍ਰਬੰਧ ਕੀਤਾ ਹੋਇਆ ਸੀ। ਮਹਿਮਾਨ ਆਉਣੇ ਸ਼ੁਰੂ ਹੋ ਗਏ। ਸਾਹਬ ਨੇ ਘਰ ਆਉਣ ਸਾਰ ਹੀ ਜੈ ਚੰਦ ਨੂੰ ਹੁਕਮ ਦੇ ਦਿੱਤਾ ਕਿ ਉਹ ਅੱਜ ਉਨਾਂ ਚਿਰ ਨਾ ਜਾਵੇ ਜਦੋਂ ਤਕ ਮਹਿਮਾਨ ਖਾਣਾ ਖਾ ਕੇ ਵਾਪਸ ਨਾ ਚਲੇ ਜਾਣ। 'ਬਹੁਤ ਅੱਛਾ ਹਜ਼ੂਰ!' ਇਸ ਤੋਂ ਵੱਧ ਉਹ ਕਹਿ ਹੀ ਕੀ ਸਕਦਾ ਸੀ। ਇਕ ਵਾਰ ਤਾਂ ਉਸਦਾ ਜੀ ਕੀਤਾ ਕਿ ਕਹਿ ਦੇਵੇ 'ਅੱਜ ਲੋਹੜੀ ਏ' ਤੇ ਮੈਂ ਆਪਣੇ ਬੱਚਿਆਂ ਪਾਸ ਜਾਣਾ ਹੈ ਪਰ ਉਸ ਨੂੰ ਉਸਦੇ ਮਨ ਨੇ ਸਮਝਾ ਦਿਤਾ 'ਨਾਂਹ ਕਰਨ ਦਾ ਮਤਲਬ ਹੈ ਨੌਕਰੀ ਤੋਂ ਛੁੱਟੀ! ਬੜੇ ਮਿਨਤਾਂ ਤਰਲਿਆਂ ਨਾਲ ਉਸ ਨੇ ਨੌਕਰੀ ਲਈ ਸੀ। ਆਰਜੀ ਨੌਕਰੀ ਸੀ ਤੇ ਉਸਨੂੰ ਕਿਸੇ ਸਮੇਂ ਵੀ ਜਵਾਬ ਮਿਲ ਸਕਦਾ ਸੀ।

ਅੰਗੀਠੀ ਮੱਘ ਰਹੀ ਸੀ ਤੇ ਉਸਦੇ ਦੁਆਲੇ ਮਹਿਮਾਨ ਬੈਠੇ ਸਨ। ਵਿਸਕੀ ਦਾ ਦੌਰ ਚਲ ਰਿਹਾ ਸੀ। ਹਾਸਾ ਗੂੰਜ ਰਿਹਾ ਸੀ। ਜੈ ਚੰਦ ਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਉਸਦੀ ਹੋਂਦ ਮਹਿਮਾਨਾਂ ਦੇ ਵਿਚਕਾਰ ਮਘ ਰਹੀ ਅੰਗੀਠੀ ਦੀ ਸੁਰਖ ਅੱਗ ਵਿਚ ਭੁੱਜ ਰਹੀ ਹੋਵੇ। ਕਦੀ ਕਦੀ ਉਸਦੀ ਨਜ਼ਰ ਪਲੇਟਾਂ 'ਚ ਪਏ ਮੁਰਗੇ ਤੇ ਜਾ ਪੈਂਦੀ ਤੇ ਫਿਰ ਉਸਨੂੰ ਲਗਦਾ ਜਿਵੇਂ ਮੁਰਗੇ ਦੀ ਥਾਂ ਉਹ ਪਲੇਟ ਵਿਚ ਪਿਆ ਹੈ। ਸ਼ੀਸ਼ੇ ਦੇ ਗਲਾਸਾਂ 'ਚ ਪਈ ਸ਼ਰਾਬ ਦਾ ਰੰਗ ਉਸ ਨੂੰ ਆਪਣੇ ਖੂਨ ਵਰਗਾ ਲੱਗਦਾ—ਸੂਹੇ ਰੰਗ ਦਾ! ਸਾਹਬ ਦੇ ਮੂੰਹੋਂ ਜੋ ਹੁਕਮ ਮਿਲਦਾ, ਉਹ ਦੌੜਕੇ ਉਸ ਦੀ ਪਾਲਣਾ ਕਰਦਾ। ਜ਼ਰਾ ਦੇਰ ਹੋ ਜਾਂਦੀ ਤਾਂ ਸਾਹਬ ਟੁੱਟ ਕੇ ਉਸ ਦੇ ਗਲ ਪੈ ਜਾਂਦਾ। ਉਹ ਕੋਹਲੂ ਦੇ ਬਲਦ ਵਾਂਗ ਘੁੰਮ ਰਿਹਾ ਸੀ।

ਜੈ ਚੰਦ ਦੇ ਹੱਥ ਵਿਚ ਮੀਟ ਵਾਲਾ ਡੂੰਗਾ ਸੀ ਤੇ ਉਸਦਾ ਮਨ ਆਪਣੇ ਬਚਿਆਂ ਕੋਲ ਵਿਚਰ ਰਿਹਾ ਸੀ— 'ਵਿਚਾਰੇ ਉਡੀਕਦੇ ਹੋਣਗੇ!'

'ਜਲਦੀ ਨਹੀਂ ਤੁਰ ਹੁੰਦਾ' ਸਖ਼ਤ ਆਵਾਜ਼ ਆਈ।

ਉਸਦੇ ਵਿਚਾਰਾਂ ਦੀ ਲੜੀ ਉਸੇ ਵੇਲੇ ਟੁੱਟ ਗਈ। ਅਚਾਨਕ ਠੁੱਡਾ ਖਾ ਕੇ ਉਹ ਡਿੱਗ ਪਿਆ। ਮੀਟ ਡੁੱਲ੍ਹ ਗਿਆ ਤੇ ਪਲੇਟ ਚਕਨਾਚੂਰ ਹੋ ਗਈ।

ਅੰਨ੍ਹਾ ਹੋਇਆ ਏਂ, ਧਿਆਨ ਨਾਲ ਨਹੀਂ ਤੁਰ ਹੁੰਦਾ, ਮੂਰਖ ਕਿਸੇ ਥਾਂ ਦਾ...' ਤੇ ਗਾਲ੍ਹਾਂ ਦਾ ਮੀਂਹ ਕਾਫ਼ੀ ਦੇਰ ਵਰ੍ਹਦਾ ਰਿਹਾ।

ਜੈ ਚੰਦ ਨੂੰ ਜਾਪਦਾ ਸੀ ਜਿਵੇਂ ਉਹ ਪਾਗਲ ਹੋ ਜਾਵੇਗਾ। ਉਹ ਕੁਝ ਵੀ ਨਾ ਬੋਲਿਆ, ਉਹ ਬੋਲ ਵੀ ਤਾਂ ਨਹੀਂ ਸੀ ਸਕਦਾ। ਉਸ ਦੇ ਹੋਠਾਂ ਤੇ ਮਜਬੂਰੀ ਦਾ ਤਾਲਾ ਸੀ।

ਮਹਿਫਲ ਸਮਾਪਤ ਹੋ ਗਈ। ਮਹਿਮਾਨ ਆਪੋ-ਆਪਣੇ ਘਰਾਂ ਨੂੰ ਚਲੇ ਗਏ। ਜੂਠੇ ਬਰਤਨ ਧੋ-ਸਾਂਭ ਕੇ ਜਦ ਉਹ ਘਰ ਜਾਣ ਲਈ ਆਗਿਆ ਮੰਗਣ ਲੱਗਾ ਤਾਂ ਬੀਬੀ ਜੀ ਨੇ ਲਫਾਫੇ ਵਿਚ ਥੋੜੀਆਂ ਜਹੀਆਂ ਮੂੰਗਫਲੀਆਂ ਅਤੇ ਰੇਵੜੀਆਂ ਪਾ ਕੇ ਦੇ ਦਿੱਤੀਆਂ। ਲਫਾਫਾ ਲੈ ਕੇ ਉਹ ਘਰ ਵੱਲ ਤੁਰ ਪਿਆ। ਚੌਂਕਾਂ ਤੇ ਬਲਦੀਆਂ ਲੋਹੜੀਆਂ ਦਾ ਸੇਕ ਠੰਢਾ ਪੈ ਰਿਹਾ ਸੀ। ਉਹ ਰਾਤ ਦੇ ਹਨੇਰੇ ਨੂੰ ਚੀਰਦਾ ਘਰ ਵੱਲ ਤੁਰਦਾ ਜਾ ਰਿਹਾ ਸੀ।

ਘਰ ਪਹੁੰਚ ਕੇ ਉਸ ਨੇ ਬੂਹਾ ਖੜਕਾਇਆ। ਉਸਦੀ ਪਤਨੀ ਨੇ ਬੂਹਾ ਖੋਲ੍ਹਿਆ। ਉਹ ਸੁਤ-ਉਨੀਂਦੀ ਜਹੀ ਸੀ। ਪਤੀ ਦੇ ਦੇਰ ਨਾਲ ਘਰ ਪਹੁੰਚਣ ਕਰਕੇ ਉਹ ਭਰੀ ਪੀਤੀ ਪਈ ਸੀ ਤੇ ਬੂਹਾ ਖੋਲ੍ਹਦਿਆਂ ਹੀ ਜੈ ਚੰਦ ਤੇ ਵਰ੍ਹ ਪਈ।

'ਇਹ ਕੋਈ ਵੇਲਾ ਏ ਘਰ ਆਉਣ ਦਾ? ਦਿਨ-ਤਿਹਾਰ ਵਾਲੇ ਦਿਨ ਤਾਂ ਬੰਦਾ ਵੇਲੇ ਸਿਰ ਘਰ ਆ ਜਾਵੇ!' ਤੇ ਫਿਰ ਉਸ ਦੀ ਨਜ਼ਰ ਜੈ ਚੰਦ ਦੇ ਕਪੜਿਆਂ ਤੇ ਪਈ, 'ਹੂੰ, ਥੋੜੀ ਪੀਣੀ ਸੀ, ਕੱਪੜਿਆਂ ਦਾ ਮੀਟ ਨਾਲ ਸਤਿਆ-ਨਾਸ ਕਰ ਛਡਿਆ ਏ! ਬੱਚੇ ਘਰੇ ਉਡੀਕਦੇ ਰਹੇ ਵਿਚਾਰੇ, ਤੇ ਜਨਾਬ ਹੋਰੀਂ ਸ਼ਰਾਬ ਪੀਂਦੇ ਰਹੇ।'

ਪਤਨੀ ਦੀਆਂ ਇਨ੍ਹਾਂ ਗੱਲਾਂ ਨੇ ਜਿਵੇਂ ਉਸਦੇ ਜ਼ਖ਼ਮਾਂ ਤੇ ਲੂਣ ਭੁੱਕ ਦਿਤਾ।

'ਹੂੰ ਸ਼ਰਾਬ! ... ...' ਤੇ ਉਸਨੇ ਕਾੜ ਕਰਦੀ ਚਪੇੜ ਆਪਣੀ ਪਤਨੀ ਦੇ ਮੂੰਹ ਤੇ ਮਾਰੀ।

ਉਸਨੇ ਆਪਣੇ ਸੁੱਤੇ ਪਏ ਬੱਚਿਆਂ ਦੇ ਭੋਲੇ ਭਾਲੇ ਚਿਹਰਿਆਂ ਤੇ ਨਜ਼ਰ ਮਾਰੀ। ਉਸ ਦੀਆਂ ਅੱਖਾਂ ਭਰ ਆਈਆਂ।

ਗਰੋਅਰ ਕੈਨਾਲ ਹਾਊਸ,
ਫਿਰੋਜ਼ਪੁਰ ਛਾਉਣੀ।

✻

# ਆਪਣੇ ਆਪਣੇ ਪੋਸਟਰ

ਫੂਲ ਚੰਦ 'ਮਾਨਵ'

ਪ੍ਰਦਰਸ਼ਨ ਅਤੇ ਪਥਰਾਓ, ਧਰਨੇ ਅਤੇ ਘੇਰਾਓ, ਅਨੁਸ਼ਾਸਨ-ਹੀਨਤਾ, ਅਰਾਜਕਤਾ, ਸੰਕਟ ਅਤੇ ਬੇਚੈਨ ਯੁਵਕ ਵਰਗ ਅਤੇ ਵਿਦਿਆਰਥੀ—ਸਮਾਜ 'ਚ ਅਸੰਤੁਸ਼ਟਤਾ ...ਉੱਫ਼। ਇਹ ਖਿੜਕੀ ਬੰਦ ਕਰ ਦਿਓ। ਜ਼ਹਿਰੀਲੀਆਂ ਹਵਾਵਾਂ ਇਕ ਚੇਤਾਵਨੀ ਦੇ ਰਹੀਆਂ ਹਨ ਅਤੇ ਸਮੇਂ ਦਾ ਸੰਖ ਕੰਨਾਂ 'ਚ ਚੁਨੌਤੀ ਫੂਕ ਰਿਹਾ ਹੈ। ਹੈਂ—ਤੁਸੀਂ ਨਹੀਂ ਸੁਣਿਆ? ਉਹ ਲੋਕ ਇਧਰ ਆ ਰਹੇ ਹਨ।...ਅਤੇ ਮੈਂ ਰੇਡੀਓ ਦਾ ਸਵਿੱਚ ਆਨ ਕਰ ਦੇਂਦਾ ਹਾਂ।

—ਦੇਸ਼ ਵਿਚ, ਵਿਦੇਸ਼ ਵਿਚ—ਦੰਗੇ, ਦੰਗੇ ਅਤੇ ਦੰਗੇ। ਮੰਗਾਂ ਹੜਤਾਲਾਂ। — ਪਰ ਉਦੋਂ ਤਾਂ ਅਜਿਹਾ ਕੁਝ ਵੀ ਨਹੀਂ ਸੀ।

ਈਸ਼ਵਰ ਚੰਦਰ ਵਿਦਿਆ ਸਾਗਰ ਦੀ ਤਸਵੀਰ ਕੰਧ ਤੋਂ ਉੱਡਕੇ ਹੇਠ ਆ ਡਿੱਗੀ ਹੈ। ਕਿਥੇ ਹਨ ਉਹ ਪੈਦਲ ਤੁਰਨ ਵਾਲੀਆਂ ਲੱਤਾਂ? ਕਿਧਰ ਗਏ ਉਹ ਛੋਲੇ ਚਬਕੇ ਪਾਣੀ ਪੀਣ ਵਾਲੇ ਵਿਦਿਆਰਥੀ, ਕੌਣ ਹੈ ਉਹ ਨਦੀ ਤੈਰਕੇ ਪੜ੍ਹਣ ਵਾਲਾ ਛੋਹਰ?

ਤਸਵੀਰਾਂ ਧੁੰਧਲਾ ਰਹੀਆਂ ਹਨ, ਨਿਓਨ- ਲਾਈਟ ਵਿਚ। ਫਲੈਸ਼-ਦਰ ਫਲੈਸ਼ ਰੌਸ਼ਨੀ ਖਿੰਡ-ਖਿਲਰ ਰਹੀ ਹੈ, ਰੁੜਦੀ ਹੋਈ। ਲੰਬਰੇਟਾ ਅਤੇ ਵੈਸਪਾ ਤੇ ਬੈਠਿਆਂ ਪੱਟ ਸੁੱਜ ਰਹੇ ਹਨ। ਸੀਲਿੰਗ ਫੈਨ ਦੇ ਹੇਠ ਪੜ੍ਹਦਿਆਂ ਨੀਂਦਰ ਆ ਜਾਂਦੀ ਹੈ। ਏਅਰ ਕੰਡੀਸ਼ਨ—ਕਮਰਿਆਂ 'ਚ ਸਿਰ ਚਕਰਾਉਣ ਲਗਦੇ ਹਨ। ਫੈਸ਼ਨ—ਪਰੇਡ 'ਚ ਖਲੋਤਿਆਂ ਲੱਤਾਂ 'ਚ ਖ਼ੂਨ ਲਹਿ ਆਉਂਦਾ ਹੈ।

ਅਤੇ ਸੁਣਿਆ ਤੁਸੀਂ? ਨਾਟਕ ਦੀ ਨਾਇਕਾ ਨੇ ਰੰਗ ਮੰਚ 'ਚੋਂ ਕੁਦਕੇ ਆਤਮ ਘਾਤ ਕਰ ਲਿਆ ਹੈ।

ਕੁਦਰਤ ਦੇ ਕਰਿਸ਼ਮੇ ਅਤੇ ਇਸਦੇ ਸਵਾਲ ਖੁਲ੍ਹਦੇ ਜਾ ਰਹੇ ਹਨ। ਆਰਥਕ ਅਤੇ ਸਮਾਜਕ ਜੀਵਨ 'ਚ ਗੜ-ਬੜੀ ਵੱਧ ਰਹੀ ਹੈ। ਚਾਰੇ ਪਾਸੇ ਮਾਯੂਸ ਚਿਹਰੇ, ਚਿੰਤਿਤ ਯੁਵਾਵਰਗ, ਰਾਜਨੀਤਕ ਪ੍ਰਭਾਵ ਤੇ ਪੀੜਤ ਰਵਾਇਤਾਂ, ਪੂੰਜੀਵਾਦੀ ਕਲਾਂ ਦੀ ਸ਼ਹਿ, ਹਵਾ 'ਚ ਤੈਰਦੇ ਨਾਅਰੇ, ਵਿਸਫੋਟ ਬਣਦੇ ਜਾ ਰਹੇ ਹਨ।

ਡਿਗਰੀਆਂ ਨਹੀਂ, ਨੌਕਰੀਆਂ ਦੀ ਲੋੜ ਹੈ।

ਸੁਣਿਆਂ, ਕਿ ਫ਼ਲਾਣੀ ਥਾਂ ਤੇ ਪਥਰਾਓ ਹੋਇਆ।

ਕਿ ਇਕ ਟਿਮਕੇ ਕਾਲਜ ਨੂੰ ਇੰਨੇ ਦਿਨਾਂ ਲਈ ਬੰਦ ਕਰ ਦਿਤਾ ਹੈ। ਕਿ ਡਾਕਖਾਨੇ 'ਚ ਅੱਗ ਲੱਗਣ ਤੇ ਇਨੇ ਲੱਖ ਦਾ ਕੌਮੀ ਨੁਕਸਾਨ ਹੋਇਆ। ਕਿ ਆਮ ਬੱਸਾਂ 'ਚ ਤੋੜ ਫੋੜ ਵਧ ਰਹੀ ਹੈ।

ਕਿ ਸ਼ਹਿਰ 'ਚ ਟੈਲੀਫੂਨ ਦੀਆਂ ਤਾਰਾਂ ਕੱਟ ਸੁੱਟੀਆਂ ਹਨ।

ਕਿਉਂ? ਆਖਿਰ ਕਿਉਂ? ਕਿਸ ਲਈ ਹੋ ਰਿਹਾ ਹੈ ਇਹ ਸਾਰਾ ਕੁਝ।

ਸ਼ਿਕਵੇ ਅਤੇ ਸ਼ਿਕਾਇਤਾਂ। ਸਮਸਿਆਵਾਂ ਵਧ ਰਹੀਆਂ ਹਨ। ਵਿਦੇਸ਼ੀ ਤਾਕਤਾਂ ਦਾ ਦਬਦਬਾ ਉਤੇਜਿਤ ਹੋ ਰਿਹਾ ਹੈ। ਸੰਗਠਨ ਜ਼ੋਰ ਫੜ ਰਹੇ ਹਨ। ਪਾੜ੍ਹੇ ਯੂਨੀਅਨਾਂ

ਇਹ ਜੋ ਅੱਜ ਦੀ ਹਵਾ ਹੈ, ਮੇਰੀ ਕਹਾਣੀ ਹੈ। ਹੁਣ ਦਾ ਛਿਣ ਜੋ ਬੀਤ ਰਿਹਾ ਹੈ ਲੱਗਦੈ ਕਿ ਪਹਿਲਾਂ ਵੀ ਕਦੇ ਇਵੇਂ ਹੀ ਬੀਤਿਆ ਸੀ। ਅਤੇ 'ਆਪਣੇ' ਨਾਲ ਟਕਰਾਉਂਦਾ ਇਹੋ ਦੋਹਰਾਪਨ ਇਕ ਕਥਾ ਬਣਕੇ ਰਹਿ ਜਾਂਦਾ ਹੈ। ਕਦੇ ਆਪਣੀ ਕਦੇ ਤੁਹਾਡੀ ਅਤੇ ਕਦੇ ਅਸਾਂ ਸਾਰਿਆਂ ਦੀ ਕਥਾ। ਸੁਖਾਂਤ ਜਾਂ ਦੁਖਾਂਤ। ਛਿਣ ਦਾ ਇਹੋ ਮੋਹ-ਭੰਗ ਕਈ ਵਾਰ ਕਿਧਰੇ ਡੂੰਘ 'ਚ ਕਦੇ ਵੀ ਨਾ ਭੁੱਲਣ ਵਾਲੀ ਯਾਦਗਾਰ ਹੋ ਜਾਂਦਾ ਹੈ। ਮਨੁੱਖੀ ਰਿਸ਼ਤਿਆਂ ਦੀਆਂ ਟੁੱਟਦੀਆਂ-ਜੁੜਦੀਆਂ ਕੀਮਤਾਂ ਦਾ ਮੁਲਾਂਕਣ ਸਹਿਜੇ ਹੀ ਅਜੋਕੀ ਜ਼ਿੰਦਗੀ 'ਚ ਵਿਅੰਗ ਦਾ ਮਾਧਿਅਮ ਹੋ ਨਿਬੜਦਾ ਹੈ।

ਰਿਕੋਗਨਾਈਜ਼ ਕਰਾ ਰਹੇ ਹਨ।

ਅਸੀਂ ਵਿਗਿਆਨ ਦੇ ਜੁਗ 'ਚ ਜੀਉ ਰਹੇ ਹਾਂ। ਮਨੁੱਖ ਚੰਦ ਤੋਂ ਪਰਤ ਆਏ। ਆਜ਼ਾਦੀ ਤੋਂ ਬਾਅਦ ਜੰਮੀ ਪੀੜ੍ਹੀ ਦਾ ਇਕ ਆਪਣਾ ਇਸ਼ਤਿਹਾਰ ਹੈ। ਪੁਰਾਣੀਆਂ ਕੀਮਤਾਂ ਕਪੜਿਆਂ ਵਾਂਗ ਬਦਲੀਆਂ ਜਾ ਰਹੀਆਂ ਹਨ। ਨਾਈਟ ਗਾਉਨ ਵਾਂਗ ਲਾਹੀਆਂ ਜਾ ਰਹੀਆਂ ਹਨ। ਸਹਿਚਿੰਤਨ ਕਿਧਰੇ ਵੀ ਤਾਂ ਸਾਂਝਾ ਨਹੀਂ। ਆਦਰਸ਼ ਨਿਭਾਉਣ ਦੀ ਤਾਕਤ ਹੈ ਤਾਂ ਕਿਸ ਵਿਚ? ਸਾਰੇ ਵਰਗ ਸੁਚੇਤ ਹੋ ਚੁੱਕੇ ਹਨ। ਜ਼ਿਮੇਂਦਾਰੀ ਸਾਰਿਆਂ ਦੀ ਆਪਣੀ ਆਪਣੀ ਢਾਲ ਹੈ। ਸਮਝ ਤੇ ਸ਼ਸਤਰ ਤਿੱਖੇ ਤੇਜ਼ ਹੋ ਰਹੇ ਹਨ। ਫਰਜ਼ ਨਿਭਾਉਣ ਦੀ ਭਾਵਨਾ 'ਚ ਵੀ ਤਾਂ ਕੋਈ ਫਰਕ ਨਹੀਂ। ਫੇਰ ਇਹ ਸਫੈਦਪੋਸ਼ੀ ਦਾ ਇਲਜ਼ਾਮ?

ਲੋੜ ਹੈ ਖਲਾ ਪੂਰਨ ਦੀ। ਪੁਲ ਬਣਾਉਣ ਦੀ।

ਸਿਖਿਆ ਪ੍ਰਨਾਲੀ ਨੂੰ ਕਿਉਂ ਦੋਸ਼ੀ ਕਿਹਾ ਜਾਂਦਾ ਹੈ? ਅਯੋਗ ਸਿਖਿਅਕ ਜਾਂ ਗ਼ਲਤ ਸਿਖਿਆ ਦਾ ਕੀ ਅਸਰ ਹੈ—ਬੁੱਧੀ ਜੀਵੀਆਂ ਤੋਂ ਭੁਲਿਆ ਤਾਂ ਨਹੀਂ।

ਸੈਕਸੀ ਭਾਵਨਾਵਾਂ ਨੂੰ ਰਾਖ 'ਚ ਦੱਬੀ ਚੰਗਿਆੜੀ ਵਾਂਗ ਸੁਲਗਾਇਆ ਜਾ ਰਿਹਾ ਹੈ। ਮੁਕਾਬਲੇ ਦੇ ਜੋਸ਼ 'ਚ ਭੇਡ ਚਾਲ ਪਲ ਰਹੀ ਹੈ। ਪੱਛਮੀ ਦਰਸ਼ਨ ਦੀ ਪੂਜਾ ਕਿੰਨੀ ਮਹਿੰਗੀ ਹੈ?

ਰੁਜ਼ਗਾਰ ਦਿਲਾਊ ਦਫਤਰਾਂ 'ਚ ਭੀੜ ਬਰਸਾਤੀ ਘਾਹ ਵਾਂਗ ਵਧ ਰਹੀ ਹੈ। ਫੈਲ ਰਹੀ ਹੈ। ਵਾਂਟੇਡ, ਦੇ ਕਾਲਮ ਬੁਰੀ ਤਰ੍ਹਾਂ ਮਾਯੂਸ ਕਰ ਰਹੇ ਹਨ। ਨਾਲਾਇਕ ਪੁੱਤਰਾਂ ਨੂੰ ਬਗ਼ੈਰ ਇੰਟਰਵਿਊ—ਕਾਲ ਤੋਂ ਹੀ ਨੌਕਰੀ ਮਿਲ ਜਾਂਦੀ ਹੈ। ਇੰਟਰਵਿਊ ਕਰਤਾ ਦੀ ਜੇਬ 'ਚ ਖਾਲੀ ਆਸਾਮੀਆਂ ਨਾਲੋਂ ਵੀ ਵੱਧ ਪਰਚੀਆਂ ਹਨ। ਬਾਹਰ ਉਦਾਸੇ ਚਿਹਰਿਆਂ ਦੀ ਖਿੱਝ ਵਧ ਰਹੀ ਹੈ—ਸੱਚੀ।

ਧਰਮ—ਫਿਰਕਾ, ਭਾਸ਼ਾ ਦੇ ਸਵਾਲ ਤੇ ਵੰਡਿਆ ਜਾਂਦਾ ਹੈ। ਅੱਖਾਂ ਵਿਚ ਡੋਰਿਆਂ ਦੀ ਚਮਕ ਚੁੱਭ ਰਹੀ ਹੈ। ਸਹਿਣਸ਼ੀਲਤਾ ਦਾ ਪ੍ਰਭਾਵ ਸ੍ਰਾਪਿਆ ਜਾਂਦਾ ਹੈ। ਪਿਆਰ, ਹਮਦਰਦੀ, ਤਸੱਲੀ ਦੇ ਨਾਂ ਤੇ ਅਧਿਕਾਰ ਪਲਦੇ ਹਨ। ਹੰਕਾਰ ਨੂੰ ਧੱਕਾ ਲੱਗਦਾ ਹੈ।

ਸਮਾਧਾਨ ਖਾਮੋਸ਼ ਨਿਮਾਣਾ ਜਿਹਾ ਖੜ੍ਹਾ ਰਹਿੰਦਾ ਹੈ। ਵਿਹਲਾ। ਆਪਣੇਪਨ ਦੇ ਭਾਵ ਕਿੱਧਰ ਗਏ? ਨਕਸ਼ ਬਦਲ ਜਾਂਦੇ ਹਨ—ਹਾਦਸਿਆਂ ਤੇ ਤਾਕਤਵਰ ਹਮਾਇਤਾਂ ਵਧ ਰਹੀਆਂ ਹਨ।

ਬਬੀਤਾ—ਸ਼ਰਮੀਲਾ ਦੀ ਨਕਲ ਪੜ੍ਹਾਈ 'ਚ ਰੋੜਾ ਬਣ ਰਹੀ ਹੈ। ਬਾਬ ਕਟ ਜੈਨੇਰੇਸ਼ਨ ਨਵੇਂ ਭਾਵ ਬੋਧ ਨੂੰ ਜਨਮ ਦੇ ਰਹੀ ਹੈ। ਆਸ਼ਨਾਈ ਦੇ ਕਿੱਸੇ ਦਰੁਸਤ ਕੀਤੇ ਜਾਂਦੇ ਹਨ, ਕੰਟੀਨ ਤੇ ਕਾਊਚਾਂ ਤੇ ਪਲੇਗਰਾਊਂਡ 'ਚ ਰੁਖ਼ਾਂ ਹੇਠ, ਬਸਾਂ 'ਚ। ਸੌਣ ਲਈ ਗੋਲੀਆਂ ਖਾਧੀਆਂ ਜਾਂਦੀਆਂ ਹਨ। ਜਾਗਣ ਲਈ ਵੀ। ਸੁਪਨ-ਨਕਸ਼ਾਂ 'ਚ ਰਾਤ ਬਗ਼ੈਰ ਸੈਂਸਰ ਤੋਂ ਹੀ ਰਿਲੀਜ਼ ਹੋ ਜਾਂਦੀ ਹੈ। ਵਾਤਸਿਆਇਨ ਸੂਤਰਾਂ ਦੀ ਰਿਹਸਲ ਆਮ ਹੋ ਰਹੀ ਹੈ। ਸੱਤਾ ਦੀਆਂ ਸਾਜ਼ਿਸ਼ਾਂ ਵਿਚ ਇਜ਼ਾਫ਼ਾ ਹੋ ਰਿਹਾ ਹੈ। ਅੰਗੂਠਾ ਛਾਪ ਛਤਰਧਾਰੀ ਨੇਤਾ ਧਨੀ ਰਾਮ ਦੀ ਧੀ ਕਾਨਵੈਂਟ 'ਚ ਪੜ੍ਹੇਗੀ। ਟਿਊਸ਼ਨ ਤੇ ਆਉਣ ਵਾਲੇ ਮਿਸਟਰ ਮਲਿਕ ਨੂੰ ਉਸੇ ਸਾਲ "ਏ ਗਰੇਡ" ਮਿਲ ਜਾਂਦਾ ਹੈ। ਵਿਚਾਰਾ ਮਾਧੋ ਰਾਮ ਸੀਨੀਅਰ ਸਟਾਫ ਹੋਕੇ ਵੀ ਜੂਨਿਅਰ ਹੈ।

ਛੇਵੇਂ ਪ੍ਰਾਂਡੂ ਦੀ ਤਲਾਸ਼ ਜਾਰੀ ਹੈ।

ਵਿਵਹਾਰ ਅਤੇ ਧਰਮ ਤੋਂ ਪਰੇ ਨੈਤਿਕ ਮੁੱਲਾਂ ਦਾ ਘਟਾਉ, ਪੂੰਜੀਪਤੀ ਸੰਸਥਾਵਾਂ ਦੇ ਤੰਬੂ ਵਧੇਰੇ ਉਪਰ ਉਠ ਰਹੇ ਹਨ। ਫੇਰ ਕਿਉਂ ਨ ਗਲਤ ਜਾਂ ਠੀਕ ਮੁਹਿੰਮ ਨੂੰ ਪੂਰਿਆ ਜਾਵੇ?

ਰੁਟੀਨ ਤੋਂ ਟੁਟਿਆ ਆਇਯਾਸ਼' ਦਿਮਾਗ ਡਿਪਰੈਸ਼ਨ—ਮਹਿਸੂਸਦਾ ਹੈ ਤਾਂ ਡਿਗਰੀਆਂ ਲਈ। ਤੜਫਨ, ਘੁਟਨ, ਧੂੰਆਂ, ਕੈਵਰੇ 'ਚ ਕੱਪਾਂ 'ਚ ਉਡਕੇ ਸ਼ਹਿਰ ਦੇ ਅਸਮਾਨ ਤੇ ਮੰਡਲਾਉਂਦੀ ਹੈ। ਲੋਕ ਰਾਜ ਦੇ ਪ੍ਰਯੋਗਾਂ ਨੂੰ ਹੌਸਲਾ ਮਿਲੇਗਾ। ਪਰ ਆਜ਼ਾਦੀ ਨੂੰ ਸਮਝਣ ਦੀ ਹਿੰਮਤ ਕਿਸ ਵਿਚ ਹੈ?

ਦਿਸ਼ਾਹੀਨ ਵਿਦਰੋਹ ਅਤੇ ਛੇੜ ਛਾੜ ਅੱਗੇ ਹੈ। ਨਤੀਜਾ ਕੁਝ ਵੀ ਹੋਵੇ, ਭੁਗਤਨ ਲਈ ਭਗਤ ਬਣਨਾ ਪਵੇਗਾ। ਰੈਡੀਮੇਡ ਪੋਜ਼ ਖਰੀਦ ਕੇ ਹੰਢਾਏ ਜਾਂਦੇ ਹਨ।

ਪਿਛਲੇਰੇ ਚੌਵੀ-ਪੰਝੀ ਸਾਲਾਂ ਦਾ ਲੇਖਾ ਕੌਣ ਦੇਵੇਗਾ?

ਰਾਜਨੀਤਕ ਦਲਾਂ ਦਾ ਸੁਆਰਥ ਮੁੜ ਅਗੇ ਆ ਖਲੋਂਦਾ ਹੈ। ਲਿਵਰਟੀ ਦੇ ਨਾਂ ਤੇ ਤੇਜ਼-ਤਿੱਖੇ ਅੰਦੋਲਣ ਟੁਰ ਪੈਂਦੇ ਹਨ। ਅਤੇ ਪਰੀਖਿਆ ਦੀ ਤਾਕਤ ਨਤੀਜੇ ਤਕ ਵੀ ਨਹੀਂ ਚਲ ਸਕਦੀ।

ਤੁਸੀਂ ਸੁਣਿਆ?

185/11 ਐਫ—23 ਏ,
ਚੰਡੀਗੜ੍ਹ—23

# ਇਹ ਰਿਸ਼ਤਾ ਕਿਹੜਾ ਹੈ ? /

ਅਜੀਤ ਸਿੰਘ ਪੱਤੋ

ਬੰਤੋ ਦੇ ਬੋਲੇ ਸਹੁਰੇ ਦਾ ਮੰਜਾ ਦਲਾਨ ਵਿਚ ਪਸ਼ੂਆਂ ਕੋਲ ਡਾਹਿਆ ਹੁੰਦਾ। ਉਸਦੀ ਨਣਦ ਤੇ ਗਲੀ ਗੁਆਂਢ ਦੀਆਂ ਕੁੜੀਆਂ ਵੱਡੀ ਰਾਤ ਤਕ ਛੋਪ ਪਾਈ ਰਖਦੀਆਂ ਤੇ ਉਹ ਬੈਠਿਕ ਵਿਚ ਹੀ ਲੇਟ ਜਾਂਦੀਆਂ। ਉਸ ਦੀ ਸੱਸ ਵੀ ਓਥੇ ਹੀ ਸੌਂਦੀ। ਤੇ ਉਹ ਪਿਛਲੀ ਸੁਬਾਤ ਅਗਲੇ ਬਰਾਂਡੇ ਵਿਚ ਆਪਣੇ ਘਰ ਵਾਲੇ ਕੋਲ ਪੈਂਦੀ।

ਉਸ ਦੇ ਵਿਆਹ ਨੂੰ ਅਜੇ ਦੂਜਾ ਵਰ੍ਹਾ ਹੀ ਲਗਿਆ ਸੀ। ਕੇਸਰ ਦੀਆਂ ਨਰੋਈਆਂ ਬਾਹਾਂ ਵਿਚ ਉਹ ਜੁਗਾਂ ਜੁਗਾਂਤਰਾਂ ਦਾ ਨਿੱਘ ਤੇ ਸੁਆਦ ਮਾਣਦੀ।

ਪਰ ਸ਼ਰਾਬ ਦੇ ਮੁਸ਼ਕ ਤੋਂ ਉਸਨੂੰ ਲੋਹੜੇ ਦੀ ਘਿਰਨਾ ਸੀ। ਇਹ ਮੁਸ਼ਕ ਉਸ ਦੇ ਸਿਰ ਨੂੰ ਚੜ੍ਹ ਜਾਂਦਾ, ਉਸਨੂੰ ਥੱਤ ਆਉਣ ਲਗਦੇ ਤੇ ਉਲਟੀ ਉਸ ਦੇ ਸੰਘ ਕੋਲੋਂ ਹੋ ਹੋ ਮੁੜਦੀ। ਕੇਸਰ ਨੂੰ ਇਸ ਗੱਲ ਦਾ ਪਤਾ ਸੀ। ਉਹ ਵਾਹ ਲਗਦੇ ਪੀਂਦਾ ਨਹੀਂ ਸੀ। ਪਰ ਕਦੀ ਕਿਸੇ ਦਿਨ-ਦਿਹਾਰ ਨੂੰ, ਨਕਲਾਂ, ਗੌਣ ਜਾਂ ਨਚਾਰਾਂ ਦੇ ਜਲਸੇ ਤੇ ਉਸਦਾ ਜੀ ਵੀ ਆਪਣੇ ਯਾਰਾਂ ਬੇਲੀਆਂ ਨਾਲ ਬੱਕਰਾ ਬਲਾਉਣ ਨੂੰ ਕਰ ਆਉਂਦਾ। ਉਸ ਦਿਨ ਉਹ ਚਾਂਘਰਾਂ ਮਾਰਦਾ ਘਰ ਆਉਂਦਾ। ਉਸ ਦਿਨ ਬੰਤੋ ਦਾ ਬੁਰਾ ਹਾਲ ਹੁੰਦਾ। ਉਹ ਕਿਵੇਂ ਦੀ ਕਿਵੇਂ ਉਸ ਨੂੰ ਪਲੰਘ ਉਤੇ ਸਿੱਧਾ ਕਰਦੀ। ਜਦ ਉਹ ਘੁਰਾੜੇ ਮਾਰਨ ਲਗਦਾ, ਉਸਦੇ ਕੋਲ ਆਪਣੀ ਢਿਲਕੀ ਮੰਜੀ ਡਾਹ ਲੈਂਦੀ ਤੇ ਨੱਕ ਮੂੰਹ ਵਲ੍ਹੇਟ ਕੇ ਪੈ ਜਾਂਦੀ।

ਅੱਜ ਵੀ ਇਹੋ ਗੱਲ ਹੋਈ ਸੀ।

ਕੇਸਰ ਧੁੱਤ ਬਣਿਆ ਪਿਆ ਸੀ—। ਉਸ ਦਾ ਪਲੰਘ ਸਜੇ ਪਾਸੇ ਦੀ ਕੰਧ ਨਾਲ ਜੁੜਿਆ ਹੋਇਆ ਸੀ। ਜਦੋਂ ਵੀ ਉਹ ਉਸ ਪਾਸੇ ਪਾਸਾ ਪਰਤਦਾ, ਉਸ ਦਾ ਹੱਥ ਜਾਂ ਪੈਰ ਜ਼ੋਰ ਨਾਲ ਕੰਧ ਵਿਚ ਵੱਜਦਾ।

ਉਸ ਦੇ ਕੋਲ ਹੀ ਤਰਲੋ ਮੱਛੀ ਹੋ ਰਹੀ ਬੰਤੋ ਦੇ ਸਰੀਰ ਦੀ ਸੰਦਲੀ ਖ਼ੁਸ਼ਬੋ ਕਈਆਂ ਦਿਨਾਂ ਤੋਂ ਤਰਸਦੀ ਉਸਦੀ ਢਿਲਕੀ ਮੰਜੀ ਡੀਕਾਂ ਲਾ ਲਾ ਪੀ ਰਹੀ ਸੀ।

ਜਦੋਂ ਕੇਸਰ ਨੂੰ ਟੇਕ ਆਈ, ਤਾਰੇ ਝੌਂ ਗਏ ਸਨ ਤੇ ਕੁੜੀਆਂ ਕਦੋਂ ਦੀਆਂ ਕੱਤ ਟੱਪ ਕੇ ਪੈ ਗਈਆਂ ਸਨ। ਹੁਣ ਬੰਤੋ ਦੀ ਵੀ ਅੱਖ ਲੱਗ ਗਈ ਸੀ। ਵੱਢੂੰ ਵੱਢੂੰ ਕਰਦੀ ਮੰਜੀ ਉਤੇ ਉਹ ਮਸਾਂ ਮਸਾਂ ਸੁੱਤੀ ਸੀ।

—ਠਕ...ਠਕ...

ਸੁੱਤੀ ਸੁੱਤੀ ਬੰਤੋ ਨੂੰ ਲਗਿਆ ਜਿਵੇਂ ਕੋਈ ਸੁਬਾਤ ਵਿਚ ਸੰਦੂਕ ਦਾ ਜੰਦਰਾ ਭੰਨ ਰਿਹਾ ਹੋਵੇ!

—ਧਪ...ਧਪ...

ਸੁੱਤੀ ਸੁੱਤੀ ਬੰਤੋ ਨੂੰ ਲੱਗਿਆ ਜਿਵੇਂ ਕੇਸਰ ਆਪਣੇ ਪੈਰ ਪਲੰਘ ਉਤੇ ਪਟਕ ਰਿਹਾ ਹੋਵੇ।

ਉਸ ਦੀ ਜਾਗ ਇਕ ਦਮ ਖੁਲ੍ਹ ਗਈ। ਉਸਦੇ ਕੰਨ ਇਕ ਦਮ ਖੜ੍ਹੇ ਹੋ ਗਏ। ਠਕ ਠਕ ਤੇ ਧਪ ਧਪ ਦੀ ਆਵਾਜ਼ ਉਸ ਨੂੰ ਸਾਫ ਸੁਣਾਈ ਦਿੱਤੀ।

ਉਸ ਪਾਸਾ ਪਰਤਦੀ ਨੇ ਰਜਾਈ ਮੂੰਹ ਤੋਂ ਵਗਾਹ ਮਾਰੀ!

ਅੱਖ ਦੇ ਫੋਰ ਵਿਚ ਉਸ ਨੇ ਇਕ ਆਦਮੀ ਨੂੰ ਉਸ ਵੱਲ ਪਿੱਠ ਕੀਤੀ ਕੇਸਰ ਦੇ ਸਿਰ੍ਹਾਣੇ ਖੜਾ ਵੇਖਿਆ।

ਅੱਖ ਦੇ ਫੋਰ ਵਿਚ ਉਸਨੂੰ ਸੁਬਾਤ ਦਾ ਬੂਹਾ ਖੁਲ੍ਹਾ ਤੇ ਅੰਦਰ ਬੈਟਰੀ ਦਾ ਨਿੱਕਾ ਗੋਲ ਚਾਨਣ ਘੁੰਮਦਾ ਦਿਸਿਆ।

ਅੱਖ ਦੇ ਫੋਰ ਵਿਚ ਉਹ ਸਭ ਕੁਝ ਸਮਝ ਗਈ!

ਇਕ ਵਾਰ ਤੇ ਉਸਦਾ ਕਲੇਜਾ ਮੂੰਹ ਵਿਚ ਆ ਗਿਆ। ਪਰ ਦੂਜੇ ਹੀ ਪਲ ਉਸਦੇ ਪਤੀ ਨੇ ਜਦ ਫੇਰ ਪੈਰ ਮਾਰੇ ਤੇ ਉਸ ਦੇ ਸਿਰ੍ਹਾਣੇ ਖੜ੍ਹਾ ਬੰਦਾ ਥੋੜਾ ਜਿਹਾ ਥੱਲੇ ਨੂੰ ਝੁਕਿਆ ਤੇ ਗਰੜ ਗਰੜ ਦੀ ਆਵਾਜ਼ ਉਸ ਸੁਣੀ ਤਾਂ ਉਸ ਦਾ ਸਾਰਾ ਹੀ ਡਰ ਭੌ ਉੱਤ ਪੁੱਤ ਗਿਆ। ਉਹ ਬਿਜਲੀ ਦੀ ਫੁਰਤੀ ਨਾਲ ਉੱਠੀ ਤੇ ਉਸ ਬੰਦੇ ਨੂੰ ਜੱਫਾ ਪਾ ਕੇ ਖਿੱਚ ਲਿਆ।

ਇਸ ਅਚਣ ਚੇਤ ਹੱਲੇ ਨਾਲ ਉਸ ਆਦਮੀ ਦੇ ਪੈਰ ਥਿੜਕ ਗਏ। ਅਗਲੇ ਸੰਘੇ ਵਿਚ ਅੜਾ ਕੇ ਕੇਸਰ ਦੀ ਘੰਡੀ ਉਤੋਂ ਦੀ ਕਰਕੇ ਨੱਪੀ ਡਾਂਗ ਉਸ ਦੇ ਹੱਥਾਂ ਚੋਂ ਛੁਟਕ ਗਈ। ਉਹ ਮਸੀਂ ਸੰਭਲਿਆ ਤੇ ਬੰਤੋ ਦੀਆਂ ਕਲਾਈਆਂ ਵਿਚ ਅੰਗੂਠੇ ਫਸਾ ਕੇ ਉਸ ਦੇ ਜੱਫੇ ਨੂੰ ਤੋੜਨ ਦੇ ਯਤਨ ਕਰਦਾ ਵਿਹੜੇ ਵਲ ਨੂੰ ਵਧਣ ਲੱਗਿਆ।

ਪਰ ਬੰਤੋ ਦੀਆਂ ਬਾਹਾਂ ਤਾਂ ਲੋਹੇ ਦੀਆਂ ਬਣ ਗਈਆਂ ਸਨ। ਉਹ ਉਸਦੇ ਪਿਛੇ ਇਉਂ ਘਿਸਰਦੀ ਜਾ ਰਹੀ ਸੀ ਜਿਵੇਂ ਉਸਦਾ ਹੀ ਇਕ ਅੰਗ ਹੋਵੇ!

ਇਤਨੇ ਵਿਚ ਕੇਸਰ ਉਠ ਖਲੋਤਾ। ਉਸ ਓਹੀ ਡਾਂਗ

ਲੋਕ-ਸਾਗਰ ਦੀ ਇਕ ਨਿਗੂਣੀ ਬੂੰਦ ਹਾਂ।

ਚੁੱਕ ਲਈ ਜੀਹਨੇ ਹੁਣੇ ਹੁਣੇ ਉਸ ਦੀ ਘੁੰਡੀ ਨੱਪੀ ਹੋਈ ਸੀ।

"ਛੱਡੀਂ ਨਾ ਬੰਤੋ! ਮੈਂ ਆ ਗਿਆ!" ਤੇ ਉਹ ਵਿਹੜੇ ਵਲ ਉਛਲਦਾ ਚਿੰਘਾੜਿਆ।

ਸੁਬਾਤ ਵਿਚ ਵੜੇ ਦੋਵੇਂ ਜਣੇ ਕੇਸਰ ਦਾ ਲਲਕਾਰਾ ਸੁਣ ਕੇ ਇਕ ਦਮ ਘਬਰਾ ਗਏ। ਹੱਥਲਾ ਕੰਮ ਵਿਚੇ ਹੀ ਛੱਡ ਉਹ ਇਕ ਦੂਜੇ ਵਿਚ ਵਜਦੇ ਬਾਹਰ ਨੂੰ ਭੱਜੇ। ਪਰ ਬਰਾਂਡੇ ਵਿਚ ਉਹ ਇਕ ਪਲ ਠਿਠਕੇ।

"ਪਰ੍ਹਾਂ ਹੋ ਜਾ ਬੰਤੋ! ਮੈਂ ਪੀਨਾ ਸੀਰਮੇ ਇਹਦੇ!" ਉਹਨਾਂ ਦਾ ਤੀਏ ਚੰਦ ਦੀ ਨਿੰਮ੍ਹੀ ਚਾਨਣੀ ਵਿਚ ਅਗੇ ਵਧ ਰਹੇ ਕੇਸਰ ਨੂੰ ਡਾਂਗ ਉਲਾਰਦਿਆਂ ਵੇਖਿਆ। ਤੇ ਫੇਰ ਉਹਨਾਂ ਚੋਂ ਇਕ ਨੇ ਪਸਤੌਲ ਦਾ ਫਾਇਰ ਦਾਗ ਦਿਤਾ।

ਥ੍ਰੀ-ਨਾਟ-ਥ੍ਰੀ ਦੀ ਗੋਲੀ ਕੇਸਰ ਦੇ ਸਿਰ ਉਤੋਂ ਦੀ ਟੀਂ ਕਰਦੀ ਨਿਕਲ ਗਈ।

"ਇਨ੍ਹੂੰ ਫੜੀ ਰੱਖੀਂ, ਮੈਂ ਔਨਾਂ!" ਅੱਖ ਦੇ ਫੋਰ ਵਿਚ ਕੇਸਰ ਪਿਛੇ ਨੂੰ ਪਲਟਿਆ।

ਪਸਤੌਲ ਵਾਲੇ ਤੋਂ ਪਸਤੌਲ ਲੋਡ ਹੋਣ ਵਿਚ ਨਹੀਂ ਆ ਰਿਹਾ ਸੀ ਤੇ ਉਸ ਦਾ ਸਾਥੀ ਆਪਣੀ ਕਿਰਪਾਨ ਘਬਰਾਹਟ ਵਿਚ ਅੰਦਰ ਹੀ ਛੱਡ ਆਇਆ ਸੀ। ਕੇਸਰ ਨੂੰ ਆਉਂਦਾ ਵੇਖ ਉਹ ਥਮਲੇ ਪਿਛੇ ਹੋ ਗਏ ਤੇ ਦਾਅ ਲਗਣ ਤੇ ਬਾਹਰਲੀ ਕੰਧ ਵੱਲ ਉਹਨਾਂ ਇਤਨੀ ਤੇਜ਼ ਸ਼ੂਟ ਵੱਟੀ ਜਿਵੇਂ ਹਵਾ ਦੇ ਘੋੜੇ ਉਤੇ ਸਵਾਰ ਹੋ ਗਏ ਹੋਣ।

ਕੇਸਰ ਵੀ ਚੋਰ ਚੋਰ ਕਰਦਾ ਉਹਨਾਂ ਦੇ ਪਿਛੇ ਹੋ ਲਿਆ। ਪਰ ਉਸ ਦੇ ਵਿਹੰਦਿਆਂ ਵਿਹੰਦਿਆਂ ਉਹ ਬਾਂਦਰ-ਟਪੂਸੀ ਮਾਰ ਕੇ ਕੰਧੋਂ ਪਾਰ ਹੋ ਗਏ।

ਕੇਸਰ ਦੀ ਚੋਰ ਚੋਰ ਦੀ ਆਵਾਜ਼ ਸੁਣਕੇ ਫਾਇਰ ਨਾਲ ਸਹਿਮੀਆਂ ਕੁੜੀਆਂ, ਉਸਦੀ ਮਾਂ ਤੇ ਉਸ ਦੀ ਭੈਣ —ਸਾਰੀਆਂ ਥਰ ਥਰ ਕੰਬਦੀਆਂ ਵਿਹੜੇ ਵਿਚ ਆ ਗਈਆਂ ਤੇ ਚੀਕਾਂ ਮਾਰਨ ਲੱਗ ਪਈਆਂ।

ਇਤਨੇ ਕੁਝ ਪਲਾਂ ਵਿਚ ਬੰਤੋ ਨਾਲ ਬਹੁਤ ਕੁਝ ਬੀਤਿਆ। ਉਸ ਆਦਮੀ ਨੇ ਉਸਦੀਆਂ ਵੱਖੀਆਂ ਵਿਚ ਘਸੁੰਨ ਜੜੇ, ਉਸਦੀਆਂ ਪਸਲੀਆਂ ਵਿਚ ਉਂਗਲਾਂ ਖੋਭੀਆਂ, ਉਸਦੇ ਗਿੱਟਿਆਂ ਗੋਡਿਆਂ ਉਤੇ ਅੱਡੀਆਂ ਨਾਲ ਠੁੱਡੇ ਮਾਰੇ ਤੇ ਉਸਨੂੰ ਆਸੇ ਪਾਸੇ ਭੁਆਂਟਣੀਆਂ ਦਿਤੀਆਂ। ਪਰ ਬੰਤੋ ਨੇ ਦੰਦਾਂ ਵਿਚ ਜੀਭ ਲੈ ਲਈ ਤੇ ਚਾਹਮ ਚੜਿਕ ਬਣਕੇ ਉਸ ਨੂੰ ਚਿੰਬੜੀ ਰਹੀ।

ਹੁਣ ਕੇਸਰ ਉਹਨਾਂ ਕੋਲ ਪੁੱਜ ਚੁੱਕਾ ਸੀ!

"ਹੋ ਜਾ ਪਰ੍ਹੇ!" ਉਹ ਕੂਕਿਆ।

ਬੰਤੋ ਨੇ ਅਜੇ ਬਾਹਾਂ ਖੋਹਲੀਆਂ ਹੀ ਸਨ ਕਿ ਕੇਸਰ ਦੀ ਡਾਂਗ ਉਸਦੇ ਸਿਰ ਦੁਆਲੇ ਘੁੰਮੀ ਤੇ ਰਾਤ ਨੂੰ ਉਡਦੇ ਪੰਛੀ ਵਾਂਗ ਸ਼ੂਕਦੀ ਉਸ ਆਦਮੀ ਦੇ ਸੱਜੇ ਗਿੱਟੇ ਦਾ ਗੋਲੀਆ ਕੱਢ ਕੇ ਲੈ ਗਈ।

ਹੁਣ ਆਂਢੀ ਗੁਆਂਢੀ ਵੀ ਆ ਗਏ ਸਨ। ਕੁਝ ਮਿੰਟਾਂ ਦੀ ਛੱਲੀ-ਕੁੱਟ ਨਾਲ ਹੀ ਉਸ ਆਦਮੀ ਦੇ ਹੋਸ਼ ਗੁੰਮ ਹੋ ਗਏ।

ਤੜਕ-ਸਾਰ ਹੀ ਸਾਰੇ ਪਿੰਡ ਵਿਚ ਇਹ ਗੱਲ ਘੁੰਮ ਗਈ ਕਿ ਕੇਸਰ ਦੀ ਵਹੁਟੀ ਨੇ ਇਕ ਡਾਕੂ ਫੜ ਲਿਆ ਹੈ।

ਲੋਕ ਢਾਣੀਆਂ ਬੰਨ੍ਹ ਬੰਨ੍ਹ ਕੇਸਰ ਦੇ ਘਰ ਆਉਣ ਲੱਗੇ। ਉਹ ਵਿਹੜੇ ਵਿਚਕਾਰ ਲਹੂ ਵਿਚ ਲੱਥ ਪੱਥ ਪਏ ਡਾਕੂ ਨੂੰ ਵੇਖਦੇ ਤੇ ਫੇਰ ਉਹਨਾਂ ਦੀ ਨਜ਼ਰ ਬਰਾਂਡੇ ਵਿਚ ਚਲੀ ਜਾਂਦੀ — ਜਿਥੇ ਬੰਤੋ ਕੁੜੀਆਂ, ਨੱਢੀਆਂ ਤੇ ਬੁੱਢੀਆਂ ਵਿਚ ਘਿਰੀ ਰਾਤ ਦੀ ਵਾਰਦਾਤ ਦਸ ਰਹੀ ਹੁੰਦੀ।

"ਤੀਵੀਂ ਕਾਹਦੀ ਐ ਮਨੁੱਖ ਐ ਸਹੁਰੀ ਮਨੁੱਖ!" ਕੋਈ ਬੁੱਢਾ ਦੂਜੇ ਨੂੰ ਕਹਿੰਦਾ।

"ਅੱਖ ਵੇਖ ਉਹਦੀ ਰਤਨਿਆ, ਘੁੰਡ ਵਿਚੋਂ ਇਉਂ ਝਾਕਦੀ ਐ ਜਿਵੇਂ..."

"ਜਿਵੇਂ ਕੀ ਉਏ?"

"ਜਿਵੇਂ...ਛੱਡ ਪਰ੍ਹਾਂ ਯਾਰ, ਕਿੱਡੀ ਵੱਡੀ ਅੱਖ ਐ— ਨਰਮੇ ਦੇ ਟੀਂਡੇ ਜਿੱਡੀ ਐ ਕੰਜਰ ਦੀ ਦੀ।" ਇਕ ਪਾਸੇ ਖੜ੍ਹੀ ਹੋਬਰਾਂ ਦੀ ਟਾਣੀ ਵਿਚ ਕੋਈ ਬੋਲਦਾ ਜਿਸਨੇ ਕਦੇ ਪਿੰਡ ਦੀ ਜੂਹ ਨਾ ਟੱਪੀ ਹੁੰਦੀ।

ਜਦੋਂ ਪਤਾ ਲਗਿਆ ਕਿ ਫੜਿਆ ਗਿਆ ਮੁਜਰਮ ਕਿਸ਼ਨਾ ਡਾਕੂ ਹੈ ਤਾਂ ਥਾਣੇਦਾਰ ਨੂੰ ਬਹੁਤ ਹੀ ਖੁਸ਼ੀ ਹੋਈ। ਘਰੋਂ ਕੋਈ ਸਾਮਾਨ ਗਿਆ ਨਹੀਂ ਸੀ, ਸੋ ਉਸ ਛੇਤੀ ਛੇਤੀ ਪੁਛ ਪੜਤਾਲ ਕੀਤੀ, ਬਿਆਨ ਲਏ ਤੇ ਨਕਸ਼ਿਆਂ ਆਦਿ ਨੂੰ ਮੁਕੰਮਲ ਕੀਤਾ। ਫੇਰ ਉਸ ਭਰੀ ਪੰਚਾਇਤ ਵਿਚ ਬੰਤੋ ਵਲ ਇਸ਼ਾਰਾ ਕਰਦਿਆਂ ਕਿਹਾ, "ਇਸ ਔਰਤ ਬਲਵੰਤ ਕੌਰ ਨੇ ਐਸੇ ਖਤਰਨਾਕ ਔਰ ਬਦਨਾਮ ਡਾਕੂ ਨੂੰ ਪਕੜਿਆ ਹੈ ਜੋ ਕਿਤਨੇ ਹੀ ਕੇਸੋਂ ਮੇਂ ਮਤਲੂਬ ਸੀ। ਮੈਂ ਇਸਦੀ ਸਿਫ਼ਾਰਸ਼ ਜਨਾਬ ਡਿਪਟੀ ਕਮਿਸ਼ਨਰ ਸਾਹਿਬ ਬਹਾਦਰ ਪਾਸ ਕਰਾਂਗਾ ਔਰ ਇਸਦੀ ਇਸ ਬਹਾਦਰੀ ਦਾ ਇਨਾਮ ਦਿਲਾਵਾਂਗਾ।" ਤੇ ਉਹ ਉਠ ਖੜ੍ਹਾ ਹੋਇਆ।

"ਮੈਂ ਕੁਛ ਆਖਣੈਂ!" ਥਾਣੇਦਾਰ ਅਜੇ ਪੇਟੀ ਠੀਕ ਕਰ ਰਿਹਾ ਸੀ ਕਿ ਸਿਪਾਹੀਆਂ ਦੀ ਗਰਿਫ਼ਤ ਵਿਚ ਇਕ

ਲੱਤ ਉਤੇ ਲੜਖੜਾਉਂਦਾ ਕਿਸ਼ਨਾ ਬੋਲਿਆ।

"ਕਿਆ ਕਹਿਣੈ ?" ਥਾਣੇਦਾਰ ਨੇ ਅੱਖਾਂ ਕੱਢੀਆਂ।

"ਮੈਨੂੰ ਨੀ ਜੀ, ਉਹਨੂੰ !" ਕਿਸ਼ਨੇ ਨੇ ਹੱਥਕੜੀਆਂ ਜਕੜੇ ਹੱਥ ਬੰਤੋ ਵਲ ਵਧਾਏ।

"ਬੰਦ ਕਰੋ ਉਏ ਇਸਦਾ ਮੂੰਹ, ਭੈਣ ਦੇ ਖ਼ਸਮ ਦਾ। ਕਹੀਂ ਬਕਵਾਸ ਨਾ ਕਰੇ !" ਕਿਸ਼ਨੇ ਨੇ ਅਜੇ ਕਿਹਾ ਹੀ ਸੀ ਕਿ ਥਾਣੇਦਾਰ ਸਿਪਾਹੀਆਂ ਨੂੰ ਸੂਈ ਕੁੱਤੀ ਵਾਂਗ ਪਿਆ।

ਤੇ ਸਿਪਾਹੀ ਕਿਸ਼ਨੇ ਦੇ ਮੂੰਹ ਤੇ ਹੂਰੇ ਜੜਦੇ ਉਸ ਨੂੰ ਗੱਡੇ ਵਲ ਘਸੀਟ ਕੇ ਲੈ ਗਏ।

ਡੀ. ਸੀ. ਵਲੋਂ ਬੰਤੋ ਨੂੰ ਦੋ ਸੌ ਰੁਪੈ ਇਨਾਮ ਤੇ ਉਸਦੀ ਬਹਾਦਰੀ ਲਈ ਇਕ ਸਰਟੀਫਿਕੇਟ ਮਿਲਿਆ। ਉਸ ਦੀਆਂ ਤਸਵੀਰਾਂ ਅਖਬਾਰਾਂ ਵਿਚ ਛਪੀਆਂ ਤੇ ਸਾਰੇ ਪੰਜਾਬ ਵਿਚ ਉਸਦੀ ਚਰਚਾ ਹੋਈ।

ਤੇ ਸਮਾਂ ਬੀਤਦਾ ਗਿਆ !

ਬੰਤੋ ਦੇ ਵਿਆਹ ਨੂੰ ਤੇਰ੍ਹਵਾਂ ਵਰ੍ਹਾ ਜਾਂਦਾ ਹੈ ਤੇ ਉਹ ਤਿੰਨਾਂ ਬੱਚਿਆਂ ਦੀ ਮਾਂ ਬਣ ਗਈ ਹੈ।

ਉਹ ਹੁਣੇ ਹੁਣੇ ਰੋਹੀ ਵਾਲੇ ਖੇਤ ਕੇਸਰ ਦੀ ਰੋਟੀ ਦੇਕੇ ਆਈ ਹੈ ਤੇ ਉਸ ਬਾਬੇ ਨੂੰ ਮੱਝਾਂ ਨੂੰ ਪਾਣੀ ਪਿਲਾਉਣ ਲਈ ਛੱਪੜ ਤੇ ਭੇਜਿਆ ਹੈ। ਛੋਟੀ ਸੁਤੀ ਪਈ ਹੈ। ਵੱਡੇ ਸਕੂਲ ਹਨ ਤੇ ਉਸ ਦੀ ਸੱਸ ਆਪਣੀ ਧੀ ਨੂੰ ਮਿਲਣ ਗਈ ਹੋਈ ਹੈ। ਥਕੇਵਾਂ ਤੇ ਇਕੱਲ—ਉਹ ਬਰਾਂਡੇ ਦੀ ਛਾਵੇਂ ਮੰਜੀ ਡਾਹਕੇ ਲੇਟ ਜਾਂਦੀ ਹੈ।

"ਸਰਦਾਰ ਕੇਸਰ ਸਿਆਂ !" ਬਾਹਰੋਂ ਆਵਾਜ਼ ਆਈ।

"ਕੌਣ ਐ...? ਲੰਘ ਆਉ !" ਅੱਧ-ਸੁਤੀ ਜਿਹੀ ਬੰਤੋ ਉੱਠ ਬੈਠੀ ਤੇ ਸਿਰ ਦਾ ਕਪੜਾ ਠੀਕ ਕਰਦੀ ਖੜ੍ਹੀ ਹੋ ਗਈ।

"ਮੈਂ ਆਂ..." ਸੱਜੇ ਪੈਰ ਨੂੰ ਟੇਢਾ ਜਿਹਾ ਧਰਦਾ ਓਪਰਾ ਬੰਦਾ ਵਿਹੜੇ ਵਿਚ ਆ ਗਿਆ। ਖੁਲ੍ਹੀ-ਲੰਮੀ ਕਰੜ ਬਰੜੀ ਦਾਹੜੀ, ਖੁਲ੍ਹਾ ਖੱਦਰ ਦਾ ਕਮੀਜ਼ ਪਾਜਾਮਾ, ਗਲ ਵਿਚ ਗੁੱਟਕੇ ਦਾ ਗਾਤਰਾ, ਇਕ ਹੱਥ ਖੂੰਡੀ ਤੇ ਇਕ ਹੱਥ ਝੋਲਾ। ਉਸ ਅਗੇ ਵਧਕੇ ਬੰਤੋ ਦਾ ਸਿਰ ਪਲੋਸਿਆ ਤੇ ਟੇਢੇ ਪੈਰ ਵਾਲੀ ਲੱਤ ਸਿੱਧੀ ਕਰਦਾ ਮੰਜੀ ਤੇ ਬੈਠ ਗਿਆ।

ਬੰਤੋ ਹੱਕੀ ਬੱਕੀ ਖੜੀ ਉਸ ਵਲ ਵੇਖਦੀ ਰਹੀ।

ਉਸ ਆਦਮੀ ਨੇ ਝੋਲੇ ਵਿਚੋਂ ਮੋਰਾਕੀਨ ਦਾ ਸੂਟ ਤੇ ਰੇਸ਼ਮੀ-ਦੁਪੱਟਾ ਕੱਢਿਆ ਤੇ ਉਪਰ ਪੰਜਾਂ ਦਾ ਨੋਟ ਰਖ ਕੇ ਬੰਤੋ ਵਲ ਵਧਾਇਆ, "ਭੈਣ ਬਲਵੰਤ ਕੁਰੇ, ਲੈ ਫੜ !"

"ਪਰ...ਪਰ..." ਹੈਰਾਨ ਹੋਈ ਬੰਤੋ ਦੇ ਬੁੱਲ੍ਹ ਹਿੱਲੇ।

ਤੂੰ ਪਛਾਣਿਆਂ ਨਹੀਂ ? ਮੈਂ ਕਿਸ਼ਨ ਸਿਉਂ ਆਂ, ਜਦੋਂ ਫੜਿਆ ਗਿਆ ਸਾਂ, ਤੇਰੇ ਨਾਲ ਗੱਲ ਕਰਨੀ ਚਾਹੀ ਸੀ—ਪਰ ਪੁਲਸ ਨੇ ਮੈਨੂੰ ਬੋਲਣ ਨਹੀਂ ਦਿਤਾ ਸੀ। ਬਸ ਮੈਂ ਇਹੋ ਕਹਿਣਾ ਸੀ ਬਈ ਤੂੰ ਮੈਨੂੰ ਹਰਾ ਦਿਤੈ, ਇਕ ਤੀਵੀਂ ਨੇ ਮਰਦ ਦਾ ਮਾਨ ਤੋੜ ਦਿਤੈ...!"

ਬੰਤੋ ਨੇ ਆਪਣੇ ਮੱਥੇ ਉਤੇ ਜ਼ੋਰ ਪਾ ਲਿਆ। ਗਿਆਰਾਂ ਵਰ੍ਹੇ ਪਹਿਲਾਂ ਬੀਤੀ ਘਟਨਾ ਉਸ ਨੂੰ ਯਾਦ ਆ ਗਈ।

"ਤੂੰ ਕਿਸ਼ਨਾਂ ਡਾਕੂ ਐਂ ?" ਉਸ ਦੀਆਂ ਅੱਖਾਂ ਹੋਰ ਚੌੜੀਆਂ ਹੋ ਗਈਆਂ।

"ਹਾਂ...ਮੈਂ ਕਈਆਂ ਦੀਆਂ ਟੂਮਾਂ ਲਾਹੀਆਂ, ਕਪੜ ਉਤਾਰੇ, ਸਤ ਭੰਗ ਕੀਤੇ ਪਰ ਕਿਸੇ ਟੀਂ ਨਾ ਕੀਤੀ ਪਰ ਤੂੰ ਮੇਰਾ ਸਿਰ ਝੁਕਾ ਦਿਤਾ ਤੇ ਮੇਰੇ ਸਾਰੇ ਪਾਪ ਮੇਰੀਆਂ ਅੱਖਾਂ ਅਗੇ ਲਿਆ ਖੜੇ ਕੀਤੇ। ਉਸ ਦਿਨ ਮੈਂ ਪਰਨ ਕੀਤਾ ਕਿ ਅਗੇ ਨੂੰ ਭੈੜਾ ਕੰਮ ਨਹੀਂ ਕਰਾਂਗਾ। ਤੇ ਜਦੋਂ ਜਿਹਲੋਂ ਆਇਆ ਤੈਨੂੰ ਝੱਗਾ ਦੁਪੱਟਾ ਦੇਵਾਂਗਾ।" ਕਿਸ਼ਨਾ ਇਕੋ ਸਾਹ ਬੋਲਦਾ ਗਿਆ। ਫੇਰ ਉਹ ਬੜਾ ਔਖਾ ਹੋ ਕੇ ਉਠਿਆ ਤੇ ਭਰੇ ਗਲੇ ਨਾਲ ਬੋਲਿਆ, "ਪਿਛਲੇ ਪਾਪਾਂ ਦੀ ਸਜ਼ਾ ਮੈਂ ਪਾ ਲਈ ਐ, ਅਗੇ ਨੂੰ ਮੇਰੀ ਇਹ ਲੱਤ, ਟੁਟਿਆ ਗਿੱਟਾ—ਤੇਰੇ ਘਰ ਦੀ ਨਿਸ਼ਾਨੀ—ਮੈਨੂੰ ਬਚਾਈ ਰਖੂਗੀ। ਲੈ, ਫੜ ਭੈਣ ਮੇਰੀ ਇਹ ਤੁੱਛ ਭੇਟਾ—ਮੇਰੀ ਇੱਛਾ ਤੇ ਫੁੱਲ ਚਾੜ੍ਹ !" ਤੇ ਉਸ ਆਪਣੇ ਹੱਥ ਫੇਰ ਅਗੇ ਵਧਾਏ।

ਡੌਰ ਭੌਰ ਬੰਤੋ ਨੇ ਆਪਣੀਆ ਅੱਖਾਂ ਉਤਾਂਹ ਚੁਕੀਆਂ। ਕਿਸ਼ਨੇ ਦੀਆਂ ਪਲਕਾਂ ਉਤੇ ਹੰਝੂ ਲਟਕੇ ਹੋਏ ਸਨ ਤੇ ਮੁੱਛਾਂ ਹੇਠ ਉਸ ਦੇ ਬੁੱਲ੍ਹ ਕੰਬ ਰਹੇ ਸਨ।

ਉਸ ਕਪੜੇ ਫੜ ਲਏ।

ਕਿਸ਼ਨੇ ਨੇ ਉਸਦਾ ਮੁੜ ਸਿਰ ਪਲੋਸਿਆ ਤੇ ਫਿਰ ਝੋਲਾ ਤੇ ਖੂੰਡੀ ਚੁੱਕ ਕੇ ਪਿਛੇ ਝਾਕੇ ਬਿਨਾਂ ਸੱਜੇ ਪੈਰ ਨੂੰ ਟੇਢਾ ਧਰਦਾ ਬਾਹਰ ਗਲੀ ਵਿਚ ਨਿਕਲ ਗਿਆ।

ਬੰਤੋ ਕਿੰਨਾਂ ਹੀ ਚਿਰ ਅਵਾਕ ਖੜੀ ਰਹੀ—ਤੇ ਫੇਰ ਲੀੜਿਆਂ ਨੂੰ ਹਿੱਕ ਨਾਲ ਘੁੱਟਕੇ ਮੰਜੀ ਉਤੇ ਢੈ ਪਈ—ਤੇ ਸਿਸਕੀਆਂ ਲੈਣ ਲੱਗੀ।

ਗੌ: ਮਿਡਲ ਸਕੂਲ, ਕੋਕਰੀ ਵਹਿਣੀਵਾਲ,
(ਬਰਾਸਤਾ ਮੋਗਾ) ਜ਼ਿਲਾ ਫ਼ੀਰੋਜ਼ਪੁਰ।

o

# ਮਹਿੰਦੀ ਦਾ ਬੂਟਾ/ਦੀਪ ਮੋਹਿਨੀ

ਥੋਹੜੇ ਦਿਨਾਂ ਦੀ ਗਲ੍ਹ ਏ ਠੰਡ ਅਜੇ ਏਨੀ ਨਹੀਂ ਸੀ ਵਧੀ ਉਹ ਗਰਮ ਕਪੜਿਆਂ ਤੋਂ ਬਿਨਾਂ ਹੀ ਸ਼ਹਿਰ ਚਲੀ ਗਈ। ਕੁਝ ਚੀਜ਼ਾਂ ਖ੍ਰੀਦਣ ਪਿਛੋਂ ਫੇਰ ਉਸੇ ਚੌਕ ਵਿਚ ਆ ਖਲੋਤੀ ਜਿਥੇ ਉੱਤਰੀ ਸੀ। ਲੋਕਲ ਬਸ ਨੂੰ ਬਹੁਤ ਚਿਰ ਉਡੀਕਣਾ ਇਹ ਕੋਈ ਨਵੀਂ ਗਲ ਤੇ ਨਹੀਂ, ਪਰ ਉਸ ਦਿਨ ਤੇ ਹਦ ਈ ਹੋ ਗਈ ਖਲੋਤੇ ਖਲੋਤੇ ਲਤਾਂ ਥੱਕ ਕੇ ਚੂਰ ਹੋ ਗਈਆਂ। ਹੋਰ ਵੀ ਕੁਝ ਸਵਾਰੀਆਂ ਖੜੀਆਂ ਸਨ। ਇਕ ਅਧ ਖੜ ਉਮਰ ਦੇ ਆਦਮੀ ਨੇ ਥਕਾਵਟ ਨੂੰ ਭਰ-ਵਟਿਆਂ ਤੇ ਮਹਿਸੂਸ ਕਰਦਿਆਂ ਕਿਹਾ - ਏਥੇ ਖਲੋਤੇ ਤੇ ਰਿਟਾਇਰ ਹੋ ਜਾਵਾਂਗੇ - ਹੌਲੀ ਹੌਲੀ ਸਵਾਰੀਆਂ ਖਿਸਕਣ ਲਗ ਪਈਆਂ ਕੋਈ ਰਿਕਸ਼ਾ ਲੈ ਕੇ, ਕੋਈ ਟਾਂਗੇ ਤੇ, ਕੁਝ ਬਸ ਅੱਡੇ ਵਲ ਤੁਰ ਗਏ। ਰਾਤ ਦੇ ਨੌ ਵਜੇ ਦਾ ਵਕਤ ਹੋ ਗਿਆ ਏ ਤੇ ਬਸ ਅਜੇ ਵੀ ਨਹੀਂ ਆਈ - ਉਹਨੂੰ ਘੜੀ ਦੇਖਕੇ ਸਹਿਮ ਜਿਹਾ ਹੋਇਆ। - ਸਾਰੇ ਲੋਕ ਚਲੇ ਗਏ ਨੇ। ਮੈਨੂੰ ਉਸ ਹਰੀ ਸਾਹੜੀ ਵਾਲੀ ਨਾਲ ਟਾਂਗੇ ਤੇ ਬਹਿ ਜਾਣਾ ਚਾਹੀਦਾ ਸੀ। ਏਥੇ ਖਲੋਤੇ ਰਹਿਣਾ ਤੇ ਬੇਵ-ਕੂਫੀ ਏ, ਇਕ ਰਾਤ ਤੇ ਫੇਰ ਮੈਂ ਇਕਲੀ। ਉਹਨੇ ਚਾਰ ਚੁਫੇਰੇ ਨਜ਼ਰ ਮਾਰੀ ਕੋਈ ਟਾਂਗਾ ਵੀ ਆਉਂਦਾ ਨਾ ਦਿਸਿਆ। ਗੂਹੜੇ ਰੰਗ ਦੇ ਨੀਲੇ ਗਰਮ ਸੂਟ ਵਿਚ ਇਕ ਭਰਵੇਂ ਜਿਸਮ ਵਾਲਾ ਜਵਾਨ ਮਰਦ ਆਕੇ ਉਹਦੇ ਕੋਲ ਖਲੋ ਗਿਆ।

ਤੁਸੀਂ ਕਿਹਨੂੰ ਉਡੀਕ ਰਹੇ ਹੋ ?

ਬਸ ਨੂੰ।

ਰਾਤ ਦੇ ਨੌ ਬਜੇ, ਏਸ ਵੇਲੇ ਕਿਹੜੀ ਬਸ ਆਏਗੀ ?

ਬਸ ਲੇਟ ਵੀ ਤੇ ਹੋ ਸਕਦੀ ਏ।

ਹਰ ਚੀਜ਼ ਲੇਟ ਹੋ ਜਾਂਦੀ ਏ, ਪਰ ਵਕਤ ਕਦੀ ਲੇਟ ਨਹੀਂ ਹੁੰਦਾ - ਉਹਨੇ ਮੂੰਹ ਵਿਚਲੇ ਪਾਨ ਨੂੰ ਦੰਦਾਂ ਨਾਲ ਚ'ਬਿਆ।

ਇਹ ਕੋਈ ਸਾਹਿਤ ਦਾ ਮਰੀਜ਼ ਲਗਦਾ ਏ - ਤੇ ਉਹਨੇ ਸਾਹਮਣੇ ਚੌਕ ਦੀ ਬੱਤੀ ਵਲੋਂ ਪਿੱਠ ਕਰ ਲਈ।

ਤੁਸੀਂ ਜਾਣਾ ਕਿਥੇ ?

ਆਪਣੇ ਘਰ।

ਆਪਣੇ ਘਰ ਤੇ ਹਰ ਕੋਈ ਜਾਂਦਾ ਏ। ਮੇਰਾ ਮਤਲਬ ਏ ਕਿ ਤੁਸੀਂ ਕਿਸ ਜਗਾਹ ਜਾਣਾ ਏ। ਕਿਹੜੇ ਨੰਬਰ ਦੀ ਬਸ ਉਡੀਕ ਰਹੇ ਹੋ।

ਮੇਰਾ ਮਤਲਬ ਏ ਤੁਸੀਂ ਇਹ ਸਭ ਕਿਉਂ ਪੁੱਛ ਰਹੇ ਹੋ ?

ਇਹਦੇ ਵਿਚ ਕੀ ਗੁਨਾਹ ਏਂ ?

ਉਹਨੂੰ ਮਰਦ ਹੋਣਾ ਚੰਗਾ ਲਗਾ। ਕਿੰਨਾ ਸੌਖਾ ਏ ਜਦੋਂ ਜੀਅ ਆਵੇ ਤੇ ਜਿਥੇ ਜੀ ਕਰੇ ਔਰਤਾਂ ਨਾਲ ਬੋਲਣਾ ਸ਼ੁਰੂ ਕਰ ਦਿਉ ਤੇ ਫੇਰ ਇਹਦੇ ਵਿਚ ਕੋਈ ਗੁਨਾਹ ਵੀ ਨਹੀਂ। ਤੇ ਔਰਤ, ਗੋਲੀ ਮਾਰੋ ਇਹਦੀ ਭਗਤੀ ਨੂੰ, ਨਿਰੇ ਅਥਰੂ, ਪਤਾ ਨਹੀਂ ਕਿਨੇ ਜਨਮਾਂ ਦੇ ਗੁਨਾਹ ਨੂੰ ਸਾਰੀ ਉਮਰ ਅਥਰੂਆਂ ਨਾਲ ਧੋ ਧੋ ਸੁਕਣੇ ਪਾਉਂਦੀ ਰਹਿੰਦੀ ਏ।

ਮੇਰਾ ਖਿਆਲ ਏ ਹੁਣ ਸਾਡੇ ਨੌ ਵਜ ਚੁਕੇ ਨੇ ਤੁਹਾਡੀ ਬਸ ਨਹੀਂ ਆਏਗੀ ! ਆਖਰੀ ਬਸ ਦਾ ਕੀਹ ਏ ਆਵੇ ਯਾ ਨਾ ਆਵੇ ਜੇ ਕਹੋ ਤੇ ਮੈਂ ਤੁਹਾਨੂੰ......।

ਕੀਹ ਕਵਾਂ, ਨਾ ਆਏਗੀ ਬਸ ਤੇ ਮੇਰੇ ਤੋਂ ਬਿਨਾ ਕਿਸੇ ਹੋਰ ਦੇ ਫਿਕਰ ਕਰਨ ਵਾਲੀ ਇਹਦੇ ਵਿਚ ਕਿਹੜੀ ਗਲ ਏ ?

ਜੇ ਬੁਰਾ ਨਾ ਮਨਾਓ ਤੇ ਮੈਂ ਤੁਹਾਨੂੰ ਘਰ ਛਡ ਆਉਂਦਾ ਹਾਂ। ਐਨ ਨਾਲ ਵਾਲੀ ਦੁਕਾਨ ਤੇ ਮੇਰਾ ਸਕੂਟਰ ਪਿਆ ਏ।

ਏਡੀ ਫਜ਼ੂਲ ਗਲ ਤੁਹਾਨੂੰ ਨਹੀਂ ਸੀ ਕਰਨੀ ਚਾਹੀਦੀ। ਮੈਂ ਕਦੇ ਸਕੂਟਰ ਤੇ ਨਹੀਂ ... ... ਮੈਨੂੰ ਸਕੂਟਰ ਦੇ ਐਕ-ਸੀਡੈਂਟ ਤੋਂ ਡਰ ਲਗਦਾ ਏ।

ਪਰ ਮੈਂ ਤੁਹਾਨੂੰ ਕਈ ਵਾਰ ਏਸ ਚੌਂਕ ਚੋਂ ਸਕੂਟਰ ਤੇ ਜਾਂਦਿਆਂ ਦੇਖਿਆ ਏ......ਸ਼ਹਿਰ ਦਾ ਇਹ ਹਿੱਸਾ ਰੰਗ

ਮੈਂ ਕਹਾਣੀ ਵਿਚ ਸਿਰਫ ਉਸੇ ਪਾਤਰ ਦਾ ਜ਼ਿਕਰ ਕਰ ਸਕਦੀ ਹਾਂ ਜਿਹਨੂੰ ਲਿਖ ਲੈਣ ਤੋਂ ਪਿੱਛੋਂ ਏਸ ਤਰ੍ਹਾਂ ਜਾਪੇ ਕਿ ਮੈਂ ਉਹਨੂੰ ਆਪਣੇ ਆਪ ਤੋਂ ਵੱਧ ਜਾਣਦੀ ਹਾਂ।

ਅਨਹੋਣੀ ਘਟਨਾ ਤੇ ਬਿਲਕੁਲ ਅਜਨਬੀ ਗੱਲਾਂ ਲਿਖਕੇ ਕਹਾਣੀ ਘੜਨਾ ਬਿਲਕੁਲ ਇੰਜ ਏ ਜਿਵੇਂ ਪਾਠਕ ਨੂੰ ਬੱਚਾ ਸਮਝਕੇ ਕੋਈ ਉਹਦੇ ਹੱਥੀਂ ਛਣਕਣਾ ਫੜਾ ਦੇਵੇ।

ਬਹੇਰੰਗੀਆਂ ਬੱਤੀਆਂ ਕਰਕੇ ਦਿਨ ਨਾਲੋਂ ਰਾਤ ਵੇਲੇ ਵਧੇਰੇ ਚੰਗਾ ਲਗਦਾ ਏ। ਕਿਵੇਂ ਸੜਕਾਂ ਚਮਕਦੀਆਂ ਨੇ। ਠੀਕ ਏ ਨਾ ?

ਉਹਨੇ ਕੁਝ ਸੁੰਘੜਕੇ ਗਲ ਦਾ ਰੁਖ ਬਦਲਿਆ।

ਪਰ ਉਹਦਾ ਦਿਲ ਕਰਦਾ ਸੀ ਉਹ ਪਹਿਲੀ ਗਲ ਹੀ ਕਰੀ ਜਾਵੇ। ਸੜਕਾਂ ਨਾਲੋਂ ਸਕੂਟਰ ਦੀਆਂ ਗਲਾਂ ਕਰੇ – ਕਿਹਦੇ ਨਾਲ ਦੇਖਿਆ ਸੀ ਜਾਂਦਿਆਂ, ਉਸ ਦਿਨ ਅਸਮਾਨ ਦਾ ਰੰਗ ਪਹਿਲਾਂ ਨਾਲੋਂ ਵਧ ਅਸਮਾਨੀ ਸੀ। ਧਰਤੀ ਹੋਰ ਵੀ ਭੂਰੀ ਸੀ। ਮੇਰੀ ਚੁੰਨੀ ਬਿਨਾ ਹਵਾ ਤੋਂ ਈ ਉਡਦੀ ਪਈ ਸੀ, ਤੇ ਉਹ ਆਹ ! ਉਹ ਕੌਣ ਸੀ ਡੂੰਘੀਆਂ ਸਮੁੰਦਰੀ ਅੱਖਾਂ ਵਾਲਾ, ਤਕਣ ਲਗੋ ਤੇ ਸਾਰੇ ਦੇ ਸਾਰੇ ਡੁਬ ਜਾਉ। ਉਹ ਕੌਣ ਸੀ ? ਖੁਲ੍ਹੇ ਡੁਲ੍ਹੇ ਚੌੜੇ ਮੱਥੇ ਵਾਲਾ ਜਿਵੇਂ ਰਬ ਨੇ ਬੁਰਸ਼ ਹਥੀਂ ਫੜਕੇ ਕਹਿਣਾ ਹੋਵੇ – ਲੈ ਆਪਣੀ ਕਿਸ–ਮਤ ਆਪ ਉਲੀਕ ਲੈ, ਜੋ ਜੀ ਚਾਹੇ ਕਰੀਂ, ਮੈਂ ਕੁਝ ਨਹੀਂ ਕਹਿੰਦਾ। ਤੇ ਉਹ ਕੌਣ ਏ ਜਿਹਦੇ ਨਾਲ ਜਾਂਦਿਆਂ ਸੜਕਾਂ ਤੇ ਪੈਂਦੀਆਂ ਚਿਟੀਆਂ ਰੋਸ਼ਨੀਆਂ ਵੀ ਹਰੀਆਂ ਤੇ ਲਾਲ ਹੋ ਜਾਂਦੀਆਂ ਨੇ। ਪਰ ਇਹ ਆਹ ! ਇਹ ਤੇ ਕੁਝ ਵੀ ਨਹੀਂ ਬੋਲਦਾ। ਮੈਂ ਐਵੇਂ ਈ ਕਹਿ ਦਿਤਾ ਫਜ਼ੂਲ ਬੋਲੀ ਜਾ ਰਿਹੈ। ਜੇ ਚਲਾ ਗਿਆ ਤੇ ਮੈਂ ਏਥੇ ਇਕਲੀ ਕਿਵੇਂ ਖਲੋਵਾਂਗੀ। ਹਾਏ ਅਜ ਬਸ ਨੂੰ ਕੀਹ ਹੋ ਗਿਆ। ਉਹਨੇ ਸਾਰੇ ਲਫਜ਼ਾਂ ਨੂੰ ਆਪਣੇ ਬੁਲ੍ਹਾਂ ਨਾਲ ਅੰਦਰੋ ਅੰਦਰ ਲਪੇਟ ਲਿਆ ਤੇ ਸਿਰਫ ਏਨਾ ਹੀ ਕਿਹਾ।

ਤੁਸੀਂ ਲਗਦਾ ਏ ਦਿਨ ਨਾਲੋਂ ਰਾਤ ਨੂੰ ਵਧੇਰੇ ਸਫ਼ਰ ਕਰਦੇ ਓ।

ਮੈਂ ਡਾਕਟਰ ਵਾਂ ਚੌਂਕੀਦਾਰ ਨਹੀਂ।

ਡਾਕਟਰ ਨੂੰ ਏਦੂੰ ਕਿੰਨਾ ਵਧ ਸਿਆਣੇ ਹੋਣਾ ਚਾਹੀਦੈ। ਬੜਾ ਦੁਖ ਹੋਇਆ ਸੁਣਕੇ।

ਯਕੀਨ ਨਹੀਂ ਐਹ ਮੇਰੀ ਜੇਬ ਵਿਚ ਹੀ ਅਡੈਂਟੇਟੀ ਕਾਰਡ ਏ ਲਉ ਦੇਖ ਲਉ। ਫੇਰ ਤੇ ਮਨ ਜਾਉਗੇ ?—

ਨਹੀਂ ਏਹਦੀ ਕੀਹ ਲੋੜ ਏ। ਜਿਹੋ ਜਿਹੀਆਂ ਗਲਾਂ ਤੁਸੀਂ ਕੀਤੀਆਂ ਨੇ ਸੁਣਨ ਵਾਲੇ ਨੂੰ ਪਤਾ ਲਗ ਜਾਂਦੈ ਕੋਈ ਕੀਹ ਏ। ਨਾਲੇ ਇਹੋ ਜਿਹੀਆਂ ਚੀਜ਼ਾਂ ਦੀ ਲੋੜ ਨੌਕਰੀ ਵੇਲੇ ਪੈਂਦੀ ਏ।

ਮੈਂ ਨੌਕਰੀ ਤੇ ਲਗਾ ਹੋਇਆ ਵਾਂ ਮਟਰਨੇਟੀ ਵਾਰਡ ਮੇਰੀ ਡਿਊਟੀ ਏ, ਅੱਠ ਤੋਂ ਬਾਰਾਂ ਤਕ ਕਿਸੇ ਦਿਨ ...।

ਬਸ ਕਰ ਬਥੇਰੀ ਬਕਵਾਸ ਸੁਣ ਲਈ ਏ।

ਬਕਵਾਸ, ਹਾ ਹਾ ਹੱਦ ਹੋ ਗਈ ਤੁਸੀਂ ਬਹੁਤ ਗੁਸੇ ਵਿਚ ਓ। ਮੈਂ ਕਹਿ ਰਿਹਾ ਹਾਂ ਕਿ ਬਸ ਏਥੇ ਨਹੀਂ ਆਏਗੀ। ਸਰਦੀ ਹੋ ਗਈ ਏ ਚਲੋ ਓਡੀਅਨ ਚਲਨੇ ਆਂ ਇਕ ਕੱਪ ਕਾਫੀ ਪੀ ਲਉ ਤੇ ਮੈਂ ਤੁਹਾਨੂੰ ਰੇਲਵੇ ਸਟੇਸ਼ਨ ਤੇ ਛਡ ਆਵਾਂਗਾ ਵੀਹ ਕੁ ਮਿੰਟ ਤਕ ਟਰੇਨ ਜਾਣ ਵਾਲੀ ਏ। ਏਥੇ ਖੜੇ ਸਰਦੀ ਨਾਲ ਬਿਮਾਰ ਹੋ ਜਾਉਗੇ। ਫੇਰ ਵੀ ਤੇ ਸਵੇਰੇ ਹਸਪਤਾਲ ਮੇਰੇ ਕੋਲ ਈ ਆਉਣਾ ਏ' – ਕੋਲ ਖੜੇ ਉਸ ਮਰਦ ਨੇ ਕੁਝ ਆਕੜਕੇ ਕਿਹਾ।

ਤੇਰੇ ਵਾਰਡ ਵਿਚ ਸਰਦੀ ਵਾਲੇ ਮਰੀਜ਼ ਨਹੀਂ ਆਉਂਦੇ।

ਗਰਮੀ ਵਾਲੇ ਹੀ ਸਹੀ ਜਦੋਂ ਗਰਮੀ ਹੋ ਜਾਏਗੀ ਆ ਜਾਣਾ ਭੁੱਲਿਉ ਨਾ।

ਉਹ ਸੋਚ ਰਹੀ ਸੀ ਇਹਦੀ ਦਲੇਰੀ ਵਧ ਗਈ ਏ। ਆਦਮੀ ਨੂੰ ਜਦੋਂ ਤੁਸੀਂ ਤੋਂ ਤੂੰ ਕਹਿਕੇ ਬੁਲਾਉ ਤੇ ਉਹ ਹੋਰ ਵੀ ਨੇੜੇਤਾ ਸਮਝਦਾ ਏ। ਉਹਦਾ ਖਿਆਲ ਹੁੰਦਾ ਏ ਕਿ ਤੁਸੀਂ ਤੇ ਸਫਰ ਵੇਲੇ ਹਰ ਕੋਈ ਕਹਿ ਦਿੰਦਾ ਏ – ਜੇ ਤੁਸੀਂ ਜਰਾ ਕੁ ਠੀਕ ਤਰ੍ਹਾਂ ਹੋ ਜਾਉ ਤੇ ਅਸੀਂ ਵੀ ਬੈਠ ਜਾਈਏ। ਪਰ ਤੂੰ ਕਿਸੇ ਖਾਸ ਨੂੰ ਈ ਕਹੀਦਾ ਏ। ਤੇ ਉਹ ਡਰ ਨਾਲ ਸਹਿਮ ਜਿਹੀ ਗਈ ਤੇ ਕੁਝ ਕਦਮ ਪਿਛੇ ਹਟ ਕੇ ਖਲੋ ਗਈ।

ਤੁਸੀਂ ਡਰ ਕਿਉਂ ਰਹੇ ਹੋ ? ਫਿਕਰ ਨਾ ਕਰੋ ਮੈਂ ਹਾਈਕੋਰਟ ਦੇ ਜੱਜ ਦਾ ਪੁੱਤਰ ਵਾਂ ਕਿਸੇ ਦੀ ਕੀਹ ਮਜਾਲ ਏ ਕਿ ...। ਤੁਸੀਂ ਕਿਸੇ ਦਿਨ ਘਰ ਆਉ ਮੈਂ ਪਤਾ ਨੋਟ ਕਰਵਾ ਦਿਨਾ ਵਾਂ।

ਆਂਵਾਂਗੀ ਜ਼ਰੂਰ...ਹੁਣ ਤੇ।

ਕਿਉਂ 'ਹੁਣ' ਕਿਉਂ ਕਿਹਾ ਏ ਤੁਸੀਂ ਨਾਲ।

ਹਾਈ ਕੋਰਟ ਦੇ ਜੱਜ ਨਾਲ ਅਫਸੋਸ ਕਰਨ।

ਕਿਉਂ ਅਫ਼ਸੋਸ ਕਿਉਂ ?

ਕਿ ਇਕ ਜੱਜ ਦੇ ਘਰ ਅਜਿਹੇ ਪੁੱਤਰ ਨੂੰ ਜਨਮ ਨਹੀਂ ਸੀ ਲੈਣਾ ਚਾਹੀਦਾ। ਜਿਹੜਾ ਸੜਕਾਂ ਤੇ ਖਲੋਤੀਆਂ ਕੁੜੀਆਂ ਨੂੰ ਖਾਹ ਮਖਾਹ ਤੰਗ ਕਰੇ। ਹੋਰ ਕਿਉਂ...।

'ਮੈਂ ਤੰਗ ਕਰ ਰਿਹਾਂ ਲਉ ਹੋਰ ਸੁਣੋ।

ਹਾਈ ਕੋਰਟ ਵਿਚ ਜੇ ਆਵਾਰਾ ਗਰਦੀ ਦਾ ਕੇਸ ਜਾਏ ਤੇ ਤੇਰੇ ਪਿਤਾ ਜੀ ਕੀਹ ਫੈਸਲਾ ਕਰਦੇ ਨੇ ?

ਬਕਵਾਸ ਕਰਨਾ; ਫ਼ਜ਼ੂਲ ਬੋਲਣਾ, ਅਵਾਰਾ ਗਰਦੀ, ਬਸ ਕਰੋ ਹੁਣ ਬਹੁਤ ਸਾਰੇ ਖਿਤਾਬ ਮਿਲ ਗਏ ਨੇ। ਚਲੋ

ਇਕ ਕਾਫੀ ਦਾ ਕੱਪ......।

ਫੇਰ ਉਹੋ ਗਲ...।

ਬਕਵਾਸ ਨਹੀਂ ਕਿਹਾ ਏਸ ਵਾਰ ?

ਹੁਣ ਕਹਿ ਦੇਨੀ ਆਂ ... ਤੇ ਦੋਵੇਂ ਹੱਸ ਪਏ।

ਕੀਹ ਨਾ ਏ ਤੁਹਾਡਾ ?
'ਕੁੰਦਨ'

ਬਹੁਤ ਅਛਾ ਕੁੰਦਨ ਸੋਨੇ ਨੂੰ ਕਾਹੀਦਾ ਏ।

ਭਠ ਪਵੇ ਇਹੋ ਜਿਹਾ ਸੋਨਾ। ਸੋਨੇ ਵਰਗੇ ਨਾ ਤੇ ਤੂੰ ਪੁਛ ਨਹੀਂ ਰਿਹਾ, ਪੁਛੇਵੀ ਕੀਹ ! ਆਦਮੀ ਨੂੰ ਆਦਮੀ ਨਾਲ ਕੀਹ ਦਿਲਚਸਪੀ ਹੋ ਸਕਦੀ ਏ। ਫੇਰ ਵੀ ਕੁਝ ਤੇ ਬੋਲ। ਹੁਣ ਕੋਟ ਦੇ ਬਟਨ ਮੇਲੇ ਨੇ ਸ਼ਾਇਦ ਕੁਝ ਕਹਿਣ ਦੀ ਸੋਚ ਰਿਹਾ। ਕੁਝ ਵੀ ਹੋਵੇ ਮੈਂ ਕਵਾਂਗੀ ਕਿਸੇ ਵੇਲੇ ਤੁਸੀਂ ਮੈਨੂੰ ਦੇਖਿਆ ਸੀ ਉਹਦੇ ਨਾਲ ? ਹਮੇਸ਼ਾ ਸ਼ਾਮ ਵੇਲੇ, ਸੂਰਜ ਡੁਬਨ ਤੋਂ ਥੋਹੜਾ ਕੁ ਪਿਛੋਂ ਤੇ ਬਤੀਆਂ ਜਗਣ ਤੋਂ ਜਰਾ ਕੁ ਪਹਿਲਾਂ – ਉਹ ਏਨਾ ਤੇਜ਼ ਸਕੂਟਰ ਕਿਉਂ ਚਲਾਉਂਦਾ ਏ ? ਕੀਹ ਨਾਂ ਏ ਉਸ ਭਾਈ ਸਾਹਿਬ ਦਾ ?

ਦੇਵ... ਬਹੁਤ ਖੂਬ ਇਕੋ ਅੱਖਰ ਹੋਰ ਜੋੜ ਦਿਉ ਤੇ ਪੂਜਾ ਕਰਾਣ ਵਾਲੀ ਸ਼ਕਤੀ ਵਿਚ ਬਦਲ ਜਾਏ – ਨਹੀਂ ਉਹ ਦੋ ਅਖਰਾਂ ਨਾਲ ਵੀ ਪੂਜਣ ਯੋਗ ਏ – ਪਰ ਫੇਰ ਤੇ ਦੇਵਤਾ ਬਣ ਜਾਏ – ਨਹੀਂ ਉਹ ਪਹਿਲਾਂ ਈ ਦੇਵਤਾ ਏ।

ਕੁੰਦਨ ਆਪਣੇ ਹੀ ਸਵਾਲਾਂ ਦੇ ਜਵਾਬ ਦੇ ਰਹੀ ਸੀ। ਪਰ ਉਹ ਚੁੱਪ ਸੀ। ਤੇ ਕੁੰਦਨ ਨੇ ਰਿਕਸ਼ੇ ਵਾਲੇ ਨੂੰ ਰੋਕ ਲਿਆ ਰੇਲਵੇ ਸਟੇਸ਼ਨ ਵਲ ਜਾਣ ਲਈ ਕਿਹਾ। ਗਡੀ ਚਲ ਪਈ ਉਹ ਪਹਿਲੇ ਸਟੇਸ਼ਨ ਤੇ ਉੱਤਰੀ। ਅਗਲੇ ਪਲਾਂ ਵਿਚ ਉਹ ਆਪਣੇ ਕਮਰੇ ਵਿਚ ਕੱਪੜੇ ਬਦਲ ਰਹੀ ਸੀ ਰੋਟੀ ਖਾਣ ਵੇਲੇ ਅਜ ਕੁੰਦਨ ਨੇ ਪਹਿਲੀ ਵਾਰ ਮਾਂ ਨੂੰ ਕਿਹਾ ਸੀ, "ਬੀਜੀ, ਮੈਂ ਇਸ ਮਾਰਚ ਵਿਚ ਪੂਰੇ ਸਤਾਈ ਸਾਲ ਦੀ ਹੋ ਜਾਣਾ ਏ।"

ਤੇ ਹੋਰ ਸਾਲ ਲੰਘਦਿਆਂ ਕੀਹ ਚਿਰ ਲਗਦੈ। ਕਿਨੇ ਸਾਲ ਹੋਏ ਨੇ ਨੌਕਰੀ ਤੇ ਲਗਿਆਂ। ਏਸ ਸਾਲ ਕਿੰਨੀ ਤਨਖਾਹ ਹੋ ਜਾਣੀ ਏਂ ? ਮਾਂ ਨੇ ਪੁਛਿਆ। ਕੁੰਦਨ ਨੂੰ ਪਤਾ ਸੀ ਮਾਂ ਤਨਖਾਹ ਵਧਣ ਦੀ ਗਲ ਸੁਣਕੇ ਖੁਸ਼ ਹੋਏਗੀ। ਸਾਰਾ ਦਿਨ ਟਾਈਪ ਕਰਦਿਆਂ ਉਂਗਲਾਂ ਥੱਕ ਜਾਂਦੀਆਂ ਤੇ ਰਾਤੀਂ ਆਪਣੇ ਹੀ ਹੱਥਾਂ ਨਾਲ ਵਾਰੀ 2 ਘੁਟ ਲੈਂਦੀ। ਕਈ ਵਾਰ ਰਾਤ ਸੁਤਿਆਂ ਪਿਆ ਵੀ ਉਹਨੂੰ ਟਿੱਕ ਟਿੱਕ ਦੀ ਆਵਾਜ਼ ਸੁਣਨ ਲਗ ਪੈਂਦੀ। ਪਰ ਅੱਜ ਤੇ ਉਹਦਾ ਦਿਲ ਕਰਦਾ ਸੀ ਟਿੱਕ ਟਿੱਕ ਦੀ ਥਾਂ ਠੱਕ ਠੱਕ ਦੀ ਆਵਾਜ਼ ਕਿਧਰੋਂ ਕੰਨੀ ਪਵੇ ਤੇ ਉਹ ਦੌੜ ਕੇ ਦਰਵਾਜ਼ੇ ਵਲ ਭਜ ਜਾਵੇ। ਗਲ ਦੀ ਚੁੰਨੀ ਡਿਗਦੀ ਏ ਤੇ ਡਿਗ ਪਵੇ, ਇਕ ਚੱਪਲ ਨਹੀਂ ਲਭੀ ਤੇ ਨਾ ਸਹੀ, ਇਕੋ ਨਾਲ ਦੀ ਸਾਹੋ ਸਾਹ ਹੋਈ ਕੁੰਡੀ ਖੋਹਲ ਦਵੇ, ਸਬਜ਼ੀ ਲੈ ਆਏ ਓ ? ਬੜਾ ਚੰਗਾ ਕੀਤਾ, ਦਰਜੀ ਵਲੋਂ ਵੀ ਹੋ ਆਉਂਦੇ। ਉਹਨੂੰ ਕਹਿਣਾ ਸੀ, ਸੋਮਵਾਰ ਤਕ ਤੇ ਨਿੱਕਰ ਤਿਆਰ ਕਰ ਦੇਵੇ। ਬਿਟੂ ਜਨਮ ਦਿਨ ਤੇ ਕੀਹ ਪਾਏਗਾ। ਸਬਜ਼ੀ ! ਫੜਦੀ ਆਂ ਟੋਕਰੀ ਲੈ ਆਵਾਂ......ਲਉ ਚਾਹ। ਸੁਭਾਸ਼ ਦਿਨੇ ਆਇਆ ਸੀ। ਕਹਿੰਦਾ ਸੀ, ਮੇਮ ਸਾਹਿਬ ਕਲ੍ਹ ਦੇ ਆ ਗਏ ਨੇ। ਅਜ ਸ਼ਾਮੀ ਚਾਹ ਉਧਰ ਪੀਉ ... ਦਸੋ ਕਿਹੜੀ ਸਾਹੜੀ ... ਤੁਹਾਡੀ ਚਿੱਟੀ ਕਮੀਜ਼ ਧੋ ਛਡੀ ਏ ... ਹਰੀਆਂ ਧਾਰੀਆਂ ਵਾਲਾ ਤੁਹਾਡਾ ਰੁਮਾਲ ਨਹੀਂ ਲਭਾ। ਪਤਾ ਨਹੀਂ ਕਿਥੇ ਚਲਾ ਗਿਆ। ਲਭ ਲਭ ਥੱਕ ਲੱਥੀਆਂ।

... ਟਿੱਕ ਟਿੱਕ ਟਿੱਕ ... ਫੇਰ ਉਹੋ ਟਿੱਕ ਟਿੱਕ ਮੁਸੀਬਤ...ਦਫ਼ਤਰ... ਪਹਿਲੀ ਤਾਰੀਖ ... ਸਾਲ ਦਾ ਸ਼ੁਰੂ ... ਤਨਖਾਹ...ਤਰਕੀ ਹਾਏ ! ਕੀਹ ਕਰਾਂ ਇਹ ਸਭ ? ਕਿਉਂ ਮੇਰੇ ਹੱਥ ਧੋ ਕੇ ਮਗਰ ਪੈ ਗਿਆ। ਕਿਥੇ ਚਲੀ ਜਾਵਾਂ ? ਕਲ ਦੇਵ ਨੂੰ ਚਿਠੀ ਲਿਖਾਂਗੀ। ਤੇ ਉਹ ਬਿਸਤਰੇ ਵਿਚ ਜਾ ਪਈ।

ਦੇਵ . . .

ਚਿੱਠੀਆਂ ਤੇ ਬਹੁਤ ਲਿਖੀਆਂ ਨੇ। ਜਵਾਬ ਵੀ ਮਿਲਦੇ ਨੇ। ਕਾਗਜ਼ ਦੇ ਥੱਬਿਆਂ ਨਾਲ ਢੋਅ ਤੇ ਨਹੀਂ ਨਾ ਲਗਦੀ। ਬੜਾ ਕੁਝ ਲਿਖਿਆ ਏ। ਹੁਣ ਲਗਦਾ ਏ, ਕਾਗਜ਼ ਮੈਨੂੰ ਬਲੈਕ ਵਿਚ ਲੈਣਾ ਪਵੇਗਾ। ਆਪਣਾ ਕੋਟਾ ਤੇ ਮੈਂ ਮੁਕਾ ਬੈਠੀ ਆਂ। ਤੇਰੀ ਚਿੱਠੀ ਕਿਵੇਂ ਲਿਖੀ ਹੁੰਦੀ ਏ, ਜਿਵੇਂ ਖਲੋਤੇ ਪਾਣੀ ਨੂੰ ਕੋਈ ਇੱਟਾਂ ਮਾਰਕੇ ਘੁੰਮਰ ਘੇਰੀ ਪਾਕੇ ਲੰਘ ਜਾਏ। ਦੇਵ ਵਗਦੇ ਪਾਣੀ ਦੇ ਸੌ ਨਾਂ ਨੇ—ਨਦੀ, ਝੀਲ, ਚਸ਼ਮਾ ਤੇ ਹੋਰ ਕਈ ਕੁਝ। ਪਰ ਖਲੋਤੇ ਪਾਣੀ ਨੂੰ ਤੇ ਲੋਕ ਸਿਰਫ ਛਪੜ ਹੀ ਕਹਿੰਦੇ ਨੇ। ਤੇ ਛੱਪੜ ਦੇ ਪਾਣੀ ਨਾਲ ਤੇ ਕੋਈ ਪੈਰ ਵੀ ਨਹੀਂ ਧੋਂਦਾ। ਏਸ ਚਿੱਠੀ ਦੇ ਜਵਾਬ ਵਿਚ ਕੋਈ ਹੁੰਗਾਰਾ ਚਾਹੀਦਾ ਏ। ਕਾਗਜ਼ ਤੇ ਉਲੀਕੇ ਹਰਫ ਸਾਹ ਤੇ ਨਹੀਂ ਲੈਣ ਲਗ ਜਾਂਦੇ। ਬਹੁਤ ਲੰਮੀਆਂ ਲੰਮੀਆਂ ਚਿੱਠੀਆਂ ਮਿਲਣ ਤੇ ਵੀ ਸਰਦੀ ਦਾ ਮੌਸਮ ਸਰਦੀ ਦਾ ਈ ਰਹਿੰਦਾ ਏ ... !

ਤੇਰੀ ਕੁੰਦਨ—!

ਹੁਣ ਕੁੰਦਨ ਦਫਤਰ ਜਾਣ ਲਗਦੀ ਤੇ ਅਟੈਚੀ ਚੋਂ ਦੋ ਕਮੀਜ਼ਾਂ ਕਢ ਲੈਂਦੀ। ਕਿੰਨਾ ਚਿਰ ਸੋਚਦੀ ਲਾ ਦਿੰਦੀ ਦੂੰਹਾਂ ਚੋਂ ਕਿਹੜੀ ਪਾਵਾਂ ? ਕਦੀ ਲਾਲ ਚਪਲ ਪਾਉਂਦੀ। ਕਦੇ ਕਾਲੀ ਲਾਹਕੇ ਫੇਰ ਲਾਲ ਹੀ ਪਾ ਲੈਂਦੀ। ਇਕ ਦਿਨ ਕੰਨਾਂ ਤੋਂ ਵਾਲੀਆਂ ਲਾਹਕੇ ਰਖ ਦੇਂਦੀ ਤੇ ਦੂਸਰੇ ਦਿਨ ਫੇਰ ਪਾ ਲੈਂਦੀ। ਸਵੇਰੇ ਛੋਟੇ ਭੈਣ ਭਰਾਵਾਂ ਚੋਂ ਕੋਈ ਜਗਾ ਦਿੰਦਾ ਤੇ ਜਾਗ ਪੈਂਦੀ। ਸ਼ਾਮੀ ਘਰ ਚੋਂ ਕੋਈ ਕਹਿ ਦੇਂਦਾ-ਹਨੇਰਾ ਹੋ ਗਿਆ ਏ-ਤੇ ਆਪਣੇ ਕਮਰੇ ਦੀ ਬਤੀ ਜਗਾ ਦੇਂਦੀ। ਨਹੀਂ ਤੇ ਹਨੇਰੇ ਪਏ ਹੀ ਛੱਤ ਵਲ ਦੇਖਦੀ ਰਹਿੰਦੀ। ਛੱਤ ਤੇ ਪਈਆਂ ਕਲੀ ਦੀਆਂ ਛਿਟਾਂ ਵਿਚੋਂ ਉਹਨੂੰ ਦੋ ਤਰ੍ਹਾਂ ਦੇ ਚਿਹਰੇ ਦਿਸਣ ਲਗ ਜਾਂਦੇ ... ਇਕ ਡਾਕਟਰ ... ਇਕ ਦੇਵ ... ਡਾਕਟਰ ਸਾਹਿਬ ਮੈਨੂੰ ਸਰਦੀ ਲਗ ਰਹੀ ਏ। 'ਚਲੋ ਇਕ ਕਾਫੀ ਦਾ ਕੱਪ'...ਨਹੀਂ, ਨਹੀਂ, ਨਿਰੀ ਬਕਵਾਸ, ਇੰਜ ਸੜਕਾਂ ਤੇ ਘੁਮਿਦਿਆਂ ਕੁੜੀਆਂ ਨੂੰ ਤੰਗ ਕਰਨਾ ਕੋਈ ਸ਼ਰੀਫ ਆਦਮੀਆਂ ਦਾ ਕੰਮ ਏ ? ... ਮੈਂ ਕੋਈ ਚੌਕੀਦਾਰ ਨਹੀਂ, ਡਾਕਟਰ ਵਾਂ। ਮੇਰੀ ਡਿਊਟੀ ਮਟਰਨੇਟੀ ...। ਚਲੋ ਸਰਦੀ ਨਾਂ ਸਹੀ ਜਦੋਂ ਗਰਮੀ ਹੋ ਜਾਏਗੀ ਆ ਜਾਣਾ।

ਮੱਥੇ ਤੇ ਤਰੇਲੀਆਂ, ਪੀੜਾਂ ਨਾਲ ਚੀਕਾਂ ਮਾਰਦੀਆਂ ਔਰਤਾਂ ਦੇ ਚਿਹਰੇ ਕੁੰਦਨ ਦੇ ਸਾਹਮਣੇ ਆਉਂਦੇ ਤੇ ਉਹ ਕੰਬ ਜਾਂਦੀ, ਤੇ ਫੇਰ ਉਹਦੀਆਂ ਉਂਗਲੀਆਂ ਦੇ ਪੋਟੇ ਲੋਹੇ ਦੇ ਮਸ਼ੀਨੀ ਹਰਫਾਂ ਤੇ ਟਿੱਕ ਟਿੱਕ ਕਰਨ ਦੀ ਥਾਂ ਸ਼ਹਿਤ ਨਾਲ ਭਰਕੇ ਗੁਲਾਬੀ ਰੰਗ ਦੀਆਂ ਬਾਲ ਬੁਲ੍ਹੀਆਂ ਨੂੰ ਲਗਣ ਲਈ ਸੁੰਗੜ ਜਾਂਦੇ ਤੇ ਉਹ ਆਪਣੀ ਹੀ ਮੁਠ ਵਿਚ ਆਪਣੇ ਪੋਟਿਆਂ ਨੂੰ ਲੁਕਾ ਲੈਂਦੀ।

ਤੇ ਦੇਵ ... ! ਇਹ ਕਿਹੋ ਜਿਹੀ ਤਾਣੀ ਏ ਦਿਨੋ ਦਿਨ ਉਲਝਦੀ ਜਾਂਦੀ ਏ।

ਇਕ ਛੁੱਟੀ ਵਾਲੇ ਦਿਨ ਕੁੰਦਨ ਨੇ ਸਾਉਣ ਵਾਲੇ ਕਮਰੇ ਵਿਚ ਦਰੀ ਵਿਛਾ ਕੇ ਕੁਰਸੀਆਂ ਲਾ ਦਿਤੀਆਂ ਤੇ ਬੈਠਣ ਵਾਲੇ ਕਮਰੇ ਵਿਚ ਬਿਸਤਰੇ ਲਾ ਲਏ। ਫੁਲਾਂ ਦੀ ਪਨੀਰੀ ਕਿਆਰੀਆਂ ਵਿਚ ਲਵਾ ਰਹੀ ਸੀ। ਪਿਛਲੇ ਸਾਲ ਵਾਲੀ ਥਾਂ ਕਿਆਰੀਆਂ ਬਣਾਕੇ ਉਹਨੇ ਕਿਹਾ ... ਤੇਲੀਆਂ ਏਸ ਵਾਰ ਪਰਲੀ ਕਿਆਰੀ ਵਿਚ ਲਾ ਲਿਆ ਜਾਏ। ਇਹਦਾ ਕਿੱਡਾ ਸਾਰਾ ਤੇ ਫੁਲ ਹੁੰਦਾ ਏ। ਦੂਰੋਂ ਵੀ ਦਿਸ ਪਵੇਗਾ। ਚਿੱਟੇ ਪਿਟੋਨੀਏ ਦੀ ਥਾਂ ਕਾਸ਼ਨੀ ਤੇ ਕਾਸ਼ਨੀ ਦੀ ਥਾਂ ਊਦਾ ਲਾਈਏ। ਪੀਲੇ ਦੀ ਥਾਂ ਲਾਲ ਫੁਲ ਲਾਈਏ ਤੇ ਲਾਲ ਦੀ ਥਾਂ ਪਿੰਕ। 'ਪਪੀ' ਫੁਲ ਕਿਥੇ ਲਾਉਣਾ ਏ ?' ਉਹਦੀ ਛੋਟੀ ਭੈਣ ਨੇ ਪੁਛਿਆ। 'ਇਹਦੇ ਲਈ ਤੇ ਕੋਈ ਥਾਂ ਈ ਨਹੀਂ ਬਚੀ ਨਹੀਂ'। ਬਚੀ ਤੇ ਨਾ ਸਹੀ ਇਹ ਲਾਉਂਦੇ ਈ ਨਹੀਂ ਏਸ ਸਾਲ 'ਪਰ ਇਹ ਤੇ ਤੁਹਾਨੂੰ ਸਭ ਤੋਂ ਸੁਹਣਾ ਲਗਦਾ ਹੁੰਦਾ ਏ। ਅਗੇ ਤੇ ਤੁਸੀਂ ਐਸਾ ਆਪ ਪਾਣੀ ਲਾਉਂਦੇ ਰਹੇ ਹੋ ਇਹਨੂੰ।' ਕੁੰਦਨ ਦੇ ਛੋਟੇ ਭਰਾ ਨੇ ਕਿਹਾ ਤਾਹੀ ਤੇ ਨਜ਼ਰ ਲਗ ਗਈ ਏਸ ਵਾਰ। ਕਿਆਰੀ ਹੀ ਨਹੀਂ ਇਹਦੇ ਲਈ। ਸੁਹਣੀ ਚੀਜ਼ ਨੂੰ ਨਜ਼ਰ ਵੀ ਤੇ ਲਗਣ ਦਾ ਡਰ ਹੁੰਦਾ ਏ। ਐਤਕੀਂ ਨਹੀਂ ਲਾਉਣੇ ਇਹ, ਸੁਟ ਛਡੋ ਇਹਦੀ ਪਨੀਰੀ। ਸਰਦੀ ਵਧਦੀ ਜਾਂਦੀ ਸੀ ਤੇ ਕੁੰਦਨ ਨੇ ਸੂਟ ਤਹਿ ਕਰਕੇ ਟਰੰਕਾਂ ਵਿਚ ਬੰਦ ਕਰ ਛਡੇ ਤੇ ਸਾਹ-ੜੀਆਂ ਕਢ ਲਈਆਂ। ਜੂੜੇ ਦੀਆਂ ਸੂਈਆਂ ਦੀ ਭਰੀ ਡਬੀ ਪਤਾ ਨਹੀਂ ਕਿਧਰੇ ਗਵਾਚ ਗਈ ਤੇ ਜਾਲੀ ਵੀ ਉਡ ਪੁਡ ਗਈ। ਕੁੰਦਨ ਨੇ ਬਜਾਰੋਂ ਕਈ ਰੰਗਾਂ ਦੇ ਰਿਬਨ ਲਿਆਂਦੇ ਤੇ ਪੋਲੀ ਜਿਹੀ ਗੁਤ ਕਰਕੇ ਰਿਬਨ ਪਾ ਲੈਂਦੀ। ਦਫਤਰ ਜਾਂਦਿਆਂ ਈ ਸਜੇ ਹੱਥ ਵਾਲੀ ਖਿੜਕੀ ਜ਼ੋਰ ਨਾਲ ਖੋਹਲਦੀ ਤੇ ਬੈਠ ਜਾਂਦੀ - ਇਕ ਦਿਨ ਉਹਦੀ ਕਲਰਕ ਸਾਥਣ ਨੇ ਕਹਿ ਵੀ ਦਿਤਾ—ਕਿਉਂ ਜਨਾਬ ਪਿਛ-ਲੀਆਂ ਸਰਦੀਆਂ ਵਿਚ ਤੇ ਇਕ ਸ਼ੀਸ਼ਾ ਟੁੱਟ ਗਿਆ ਸੀ ਤੇ ਤੂੰ ਕਿੰਨਾ ਰੌਲਾ ਪਾਇਆ ਸੀ - ਹਾਏ ਮਰ ਗਏ ਠੰਡ ਨਾਲ ਜਿਸ ਦਿਨ ਦਾ ਸ਼ੀਸ਼ਾ ਟੁਟਿਆ ਏ, ਇਕ ਦਿਨ ਜ਼ੁਕਾਮ ਨਹੀਂ ਹਟਿਆ ਕੁੰਦਨ ਨੇ ਸੁਣਿਆ ਤੇ ਮੂੰਹ ਭੁਵਾਂ ਲਿਆ, ਉਹ ਫੇਰ ਉਸ ਖਿੜਕੀ ਚੋਂ ਸਾਹਮਣੀ ਪਾਰਕ ਤੇ ਵਿਛੀ ਰੇਸ਼ਮੀ ਹਰੀ ਘਾਹ ਵਲ ਤਕ ਰਹੀ ਸੀ, ਜਿਥੇ ਉਹ ਕਈ ਦਿਨਾਂ ਤੋਂ ਹਰ ਰੋਜ਼ ਇਕ ਕਾਗਜ਼ ਟਾਈਪ ਕਰ ਲੈਣ ਪਿਛੋਂ ਅਕਸਰ ਤਕ ਲਿਆ ਕਰਦੀ ਸੀ। ਕਦੀ ਕਦੀ ਇੰਜ ਲਗਦਾ ਜਿਵੇਂ ਉਸ ਹਰੀ ਘਾਹ ਤੇ ਡਿਗੇ ਲਫਜ਼ ਉਹਨੂੰ ਸੁਣਨ ਵੀ ਲਗ ਪਏ ਨੇ। ਕੁੰਦਨ ਜੇ ਤੂੰ ਇਕ ਲੰਮੀ ਸਾਰੀ ਕੁੜੀ ਹੋਣ ਦੀ ਥਾਂ ਇਕ ਲੰਮੀ ਸਾਰੀ ਕਵਿਤਾ ਹੁੰਦੀ ਤੇ ਮੈਂ ਤੈਨੂੰ ਸਾਰੀ ਨੂੰ ਜ਼ਬਾਨੀ ਰਟ ਲਿਆ ਹੁੰਦਾ। ਤੇ ਜਦੋਂ ਜੀਅ ਕਰਦਾ ਗੁਣਗਣਾਉਂਦਾ ਰਹਿੰਦਾ।

ਕਿਉਂ ਕਵਿਤਾ ਈ ਯਾਦ ਰਹਿ ਸਕਦੀ ਏ ਕੁੜੀ ਨਹੀਂ ? ਤੇ ਕੁੰਦਨ ਦਾ ਜਵਾਬ ਉਹਦੇ ਮੂੰਹ ਵਿਚ ਈ ਕੁਸੈਲਾ ਹੋ ਜਾਂਦਾ

ਫੇਰ ਇਕ ਦਿਨ ਦੇਵ ਦੀ ਇਕ ਚਿੱਠੀ ਆਈ ਤੇ ਕੁੰਦਨ ਨੂੰ ਏਸ ਸ਼ਹਿਰ ਦੀਆਂ ਸੜਕਾਂ ਤੇ ਚਲਦਿਆਂ ਥਕਾਵਟ

ਹੋਣ ਲਗ ਪਈ। ਸਿਰ ਵਾਹੁਣ ਲਗਦੀ ਤੇ ਕੰਘੀ ਵਾਲਾਂ ਵਿਚ ਈ ਉਲਝ ਜਾਂਦੀ, ਉਹ ਗੁੰਝਲਾਂ ਕਢਦੀ ਉਂਗਲਾਂ ਥਕਾ ਲੈਂਦੀ। ਕਪੜੇ ਧੋਣ ਲਗਦੀ ਤੇ ਨਲਕਾ ਚਲਾ ਜਾਂਦਾ ਕੁੰਦਨ ਦੀ ਮਾਂ ਕੋਲੋਂ ਕਹਿੰਦੀ – ਜਦੋਂ ਪਾਣੀ ਆਉਂਦਾ ਸੀ ਉਦੋਂ ਤੇ ਸਿਰ ਦੀ ਸੂਈ ਲਾਹ ਕੇ ਫਰਸ਼ ਤੇ ਲਕੀਰਾਂ ਕਢਦੀ ਪਈ ਸੈਂ, ਹੁਣ ਰਹਿਣ ਦੇ ਫੇਰ ਧੋ ਲਵੀਂ।

ਇਕ ਸਵੇਰ ਕੁੰਦਨ ਦਫਤਰ ਜਾਣ ਲਈ ਬਸ ਵਿਚੋਂ ਚੌਂਕ 'ਚ ਉਤਰੀ। ਉਹਨੇ ਚਾਰ ਚੁਫੇਰੇ ਦੇਖਿਆ, ਧੁੰਦ ਨਾਲ ਚਾਰੇ ਸੜਕਾਂ ਗਵਾਚੀਆਂ ਪਈਆਂ ਸੀ। ਅਚਾਨਕ ਹੀ ਉਹਨੇ ਆਪਣੇ ਰਾਹ ਵਾਲੀ ਸੜਕ ਤੇ ਤੁਰਨਾ ਸ਼ੁਰੂ ਕੀਤਾ। ਸੜਕ ਉਹਦੇ ਪੈਰਾਂ ਥਲੇ ਗੋਲ ਹੁੰਦੀ ਜਾਂਦੀ ਸੀ। ਥੋਹੜਾ ਅਗੇ ਗਲੀ ਤੇ ਸੜਕ ਖੱਬੇ ਘੁੰਮ ਗਈ ਤੇ ਫੇਰ ਸੱਜੇ। ਉਹਨੇ ਸਾਹਮਣੇ ਸਿਰ ਚੁਕ ਕੇ ਦੇਖਿਆ ..ਵੀ. ਜੇ. ਹਸਪਤਾਲ ਦਾ ਮਟਰਨੇਟੀ ਵਾਰਡ ਸੀ। ਡਾਕਟਰ ਪੁਰੀ ਆਪਣਾ ਬੈਗ ਫੜੀ ਹੁਲਾਰੇ ਖਾਂਦਾ ਆ ਰਿਹਾ ਸੀ। ਕੁੰਦਨ ਵਲ ਦੇਖਕੇ ਕੁਝ ਉਹਦੇ ਵਲੋਂ ਜ਼ਰਾ ਪਰੇ ਨੂੰ ਮੁੜਿਆ ਪਰ ਫੇਰ ਅਗੋਂ ਵਾਪਸ ਪਰਤ ਪਿਆ ਤੇ ਕੁੰਦਨ ਵਲ ਤਕਦਾ ਹੋਇਆ ਮੁਸਕ੍ਰਾ ਵੀ ਪਿਆ।

ਹੈਲੋ...ਕਿਵੇਂ ਹੋ ? ਸੁਣਾਓ...ਡਾਕਟਰ ਨੇ ਕਿਹਾ।

ਡਾਕਟਰ ਸਾਹਿਬ ...!

ਹਾਂ ਮੈਂ ਡਾਕਟਰ ਹੀ ਹਾਂ ਯਕੀਨ ਕਰਦੇ ਓ ?

ਤੁਸੀਂ ਕਿਧਰ ਜਾ ਰਹੇ ਸੀ ?

ਜਾ ਨਹੀਂ ਰਿਹਾ ਡਿਊਟੀ ਤੇ ਆਇਆ ਹਾਂ, ਪਰ ਤੁਸੀਂ ਇਹ ਸਭ ਕਿਉਂ ਪੁਛ ਰਹੇ ਓ ?

ਤੁਸੀਂ ਕਿਧਰੋਂ ਆ ਰਹੇ ਸੀ ?

ਆਪਣੇ ਘਰੋਂ ਹੋਰ ਕਿਥੋਂ, ਹਰ ਕੋਈ ਆਪਣੇ ਘਰੋਂ ਈ ਤੇ ਆਉਂਦੈ। ਤੁਸੀਂ ਕੰਮ ਤੇ ਨਹੀਂ ਗਏ, ਅਜ ਛੁੱਟੀ ਏ ?

ਨਹੀਂ ਛੁੱਟੀ ਤੇ ਨਹੀਂ।

ਤੇ ਫੇਰ ਏਥੇ ਕਿਵੇਂ, ਕੰਮ ਕਰਦੇ ਆਦਮੀ ਨੂੰ ਤੰਗ ਕਰਨਾ ਕੋਈ ਸ਼ਰਾਫਤ ਏ ?

ਮੈਂ ਤੰਗ ਨਹੀਂ ਕਰਦੀ।

ਹੂੰ। ਕੀਹ ਕਰਦੇ ਓ ਹੋਰ ?

ਮਿਲਨ ਆਈ ਆਂ।

ਐਥੇ ਖਲੋਤੇ ਠੀਕ ਨਹੀਂ ਲਗੀਦਾ। ਐਹ ਨਾਲ ਮੇਰਾ ਕਮਰਾ ਏ ਏਥੇ ਆ ਜਾਓ। ਡਾਕਟਰ ਪੁਰੀ ਨੇ ਗੇਟ ਦੇ ਖੱਬੇ ਪਾਸੇ ਵਲ ਹੱਥ ਕੀਤਾ ਤੁਰ ਪਿਆ। ਕੁੰਦਨ ਵੀ ਉਹਦੇ ਨਾਲ ਤੁਰ ਪਈ।

ਅੱਖ ਦੇ ਸ਼ੀਸ਼ੇ ਵਰਗੇ ਸਾਫ ਕਮਰੇ ਵਿਚ ਬੈਠ ਕੁੰਦਨ ਨੂੰ ਲਗ ਰਿਹਾ ਸੀ ਕੁੰਦਨ ਕਮਰੇ ਵਿਚ ਨਹੀਂ ਬੈਠੀ, ਕਮਰਾ ਉਹਦੇ ਵਿਚ ਬੈਠਾ ਹੋਇਆ ਏ।

ਡਾਕਟਰ ਪੁਰੀ ਨੇ ਕੁਰਸੀ ਖਿਚਕੇ ਉਹਨੂੰ ਬੈਠਣ ਲਈ ਕਿਹਾ ਤੇ ਆਪ ਪਲੰਘ ਤੋਂ ਚੱਦਰ ਸਵਾਰ ਕੇ ਬੈਠ ਗਿਆ।

ਤਾਂ ਦੱਸੋ ਹੁਣ ਕੀਹ ਹੁਕਮ ਏ ? – ਡਾਕਟਰ ਪੁਰੀ ਨੇ ਪੁਛਿਆ।

ਅਜ ਕਿੰਨੀ ਸਰਦੀ ਹੋ ਗਈ ਏ !

ਹਾਂ ਬਹੁਤ; ਫੇਰ ... !

ਬਸ ਚੋਂ ਉਤਰੀ ਤੇ ਰਸਤਾ ਨਹੀਂ ਲਭਦਾ। ਏਨੀ ਧੁੰਦ ਕਦੇ ਨਹੀਂ ਸੀ ਦੇਖੀ।

ਪਰ ਸਰਦੀ ਲਗਣ ਵਾਲੇ ਮਰੀਜ਼ ਮੇਰੇ ਵਾਰਡ ਤੇ ਨਹੀਂ ਆਉਂਦੇ।

ਕੁੰਦਨ ਨੇ ਕੋਈ ਜਵਾਬ ਨਾ ਦਿਤਾ ਤੇ ਗਰਮ ਸ਼ਾਲ ਨਾਲ ਦੋਵੇਂ ਹੱਥ ਲਪੇਟ ਲਏ।

ਮੈਂ ਜੇ ਬਕਵਾਸ ਨਾ ਕਰਦਾ ਹੋਵਾਂ ਤੇ ਚਾਹਮੰਗਵਾ ਲਵਾਂ ?

ਮੰਗਵਾ ਲਉ।

ਡਾਕਟਰ ਸਾਹਿਬ ਅੱਜ ਤੁਹਾਡੇ ਵਾਰਡ ਵਿਚ ਏਨਾ ਰਸ਼ ਕਿਉਂ ਸੀ ? ਚਾਹ ਪੀਂਦਿਆਂ ਕੁੰਦਨ ਨੇ ਪੁਛਿਆ

ਇਕ ਅਵਾਰਾ ਗਰਦੀ ਦਾ ਕੇਸ ਸੀ।

ਹਸਪਤਾਲ ਵਿਚ ਅਵਾਰਾ ਗਰਦੀ ਦਾ ਕੇਸ ਇਹ ਕਿਵੇਂ — ?

ਬਿਨਾਂ ਕੰਮ ਤੋਂ ਜਦੋਂ ਕੋਈ ਕਿਸੇ ਨੂੰ ਮਿਲਣ ਆ ਜਾਏ ਤੇ ਇਹ ਅਵਾਰਾ ਗਰਦੀ ਨਹੀਂ ਤੇ ਹੋਰ ਕੀਹ ਏ ?

ਜਾਣ ਦਿਉ ਗੁਸੇ ਨੂੰ ਮੈਨੂੰ ਯਾਦ ਏ ਉਸ ਸ਼ਾਮ ਮੈਂ ਤੁਹਾਡੇ ਨਾਲ ਬਹੁਤ ਬੁਰਾ ਸਲੂਕ ਕੀਤਾ ਸੀ। ਪਰ ਹੁਣ...!

ਮੈਂ ਗੁੱਸੇ ਤੇ ਨਹੀਂ, ਮੈਂ ਦਸ ਰਿਹਾਂ ਕਿ ਅਵਾਰਾ ਗਰਦੀ ਦਾ ਕੇਸ ਜੇ ਮੇਰੇ ਪਿਤਾ ਜੀ ਦੀ ਅਦਾਲਤ ਵਿਚ ਚਲਾ ਜਾਏ ਤੇ ਉਹ ਪਤਾ ਜੇ ਕੀਹ ਸਜਾ ਦੇਣ, ਜਾਣਦੇ ਹੋ ਏਸ ਕੇਸ ਦੀ ਦਫਾ ਕਿਹੜੀ ਹੁੰਦੀ ਏ ?

ਮੁਹੱਬਤ !

ਕੁੰਦਨ...!

ਹਾਂ ਜੀ ...!!

ਤੇ ਉਹਨੇ ਕੁੰਦਨ ਦੇ ਹੱਥ ਸ਼ਾਲ ਵਿਚੋਂ ਕਢਕੇ ਆਪਣੇ

ਕੋਟ ਅੰਦਰ ਲਪੇਟ ਕੇ ਨਿੱਘੇ ਕਰ ਲਏ ।

ਮੈਂ ਸੋਚ ਰਿਹਾਂ ਸਾਡਾ ਇੰਜ ਏਥੇ ਇਕਲੇ ਬੈਠਣਾ ਫਜ਼ੂਲ ਨਹੀਂ ਲਗ ਰਿਹਾ ?

ਡਾਕਟਰ ਦੇਖੋ ਹਾਰਕੇ ਆਏ ਨੂੰ ਇਹ ਨਹੀਂ ਪੁਛੀਦਾ ਕਿ ਉਹ ਕਿੰਨੇ ਗੋਲ ਤੇ ਹਾਰਿਆ ਏ । ਹਾਰ ਤੇ ਹਾਰ ਈ ਹੁੰਦੀ ਏ । ਇਕ ਗੋਲ ਤੇ ਹਾਰ ਜਾਉ ਯਾ ਸੌ ਗੋਲ ਤੇ । ਤੇ ਕੁੰਦਨ ਅੱਧੀ ਤੋਂ ਵੀ ਬਹੁਤੀ ਉਹਦੇ ਵਲ ਉਲਰ ਗਈ ।

ਕੁੰਦਨ ਮੇਰੇ ਕੋਲੋਂ ਬਹੁਤ ਤੇਜ਼ ਸਕੂਟਰ ਨਹੀਂ ਚਲਦਾ !

ਫੇਰ ਉਹੋ ਗਲ । ਉਸ ਦਿਨ ਉਹ ਸ਼ਾਮ ਦਾ ਵਕਤ ਸੀ ਤੇ ਅਜ ਸਵੇਰ ਦਾ । ਸ਼ਾਮ ਦਿਨ ਦਾ ਅੰਤ ਹੁੰਦੀ ਏ ਤੇ ਸਵੇਰ ਸ਼ੁਰੂ । ਕਿਉਂ ਅੱਜ ਮੈਂ ਚੰਗੀ ਨਹੀਂ ਲਗਦੀ ?

ਬਹੁਤ ਅੱਜ ਤੇ ਤੂੰ ਅੱਗ ਦੀ ਲਾਟ ਵਰਗੀ ਏਂ । ਔਰਤ ਵੀ ਮਹਿੰਦੀ ਦਾ ਬੂਟਾ ਈ ਏ ਸੱਚ, ਟਹਿਣੀਆਂ ਤੇ ਹੋਵੇ ਤੇ ਹਰੀ ਲੈਹ ਲੈਹ । ਕਰਦੀ ਜੇ ਟੁਟ ਜਾਏ, ਘੁਟ ਜਾਏ, ਪੀਸ ਜਾਏ ਤੇ ਲਾਲ ਸੁਰਖ ਹੋਕੇ ਹੱਥਾਂ ਨੂੰ ਚੜ੍ਹਦੀ ਏ । ਦੇਖ ਮੇਰੇ ਦੋਵੇਂ ਹੱਥ ਰੰਗੇ ਗਏ ਨੇ । ਦੇਖ ਤੇ ਸਹੀ ... ।

ਮੈਨੂੰ ਹੱਥਾਂ ਨੂੰ ਨਾ ਲਾਉ ਮੈਂ ਪੈਰਾਂ ਨੂੰ ਚੜ੍ਹਨਾ ਏ – ਤੇ ਕੁੰਦਨ ਨੇ ਆਪਣਾ ਮੂੰਹ ਉਹਦੇ ਕੋਟ ਵਿਚ ਲੁਕਾ ਲਿਆ ।

ਕੁੰਦਨ ਦੇਰ ਹੋ ਰਹੀ ਏ ਡਿਊਟੀ ਤੇ ਨਹੀਂ ਜਾਣਾ ?

ਤੁਹਾਡਾ ਸਕੂਟਰ ਕਿਥੇ ? ਅਜ ਮੈਨੂੰ ਛਡ ਆਉ, ਹਾਂ ਲੇਟ ਤੇ ਹੋ ਰਹੀ ਆਂ ।

ਤੂੰ ਤੇ ਕਦੀ ਸਕੂਟਰ ਤੇ ਨਹੀਂ ਬੈਠੀ ।

ਬਸ ਵੀ ਕਰੋ ਨਾ ਹੁਣ । ਚਲੋ ਉਠੋ । ਤੇ ਕੁੰਦਨ ਨੇ ਆਪਣਾ ਸੱਜਾ ਹੱਥ ਉਹਦੇ ਮੂੰਹ ਅਗੇ ਕਰ ਦਿਤਾ ।

ਟਾਈਪ ਰਾਈਟਰ ਤੇ ਬੈਠਦਿਆਂ ਈ ਕੁੰਦਨ ਨੇ ਨਾਲ ਲਗਦੀ ਖਿੜਕੀ ਨੂੰ ਬੰਦ ਕਰ ਦਿਤਾ । ਖਿੜਕੀ ਦੀਆਂ ਦੋਵੇਂ ਕੁੰਡੀਆਂ ਘੁੱਟ ਕੇ ਮੇਲ ਛਡੀਆਂ । ਤੇ ਫੇਰ ਉਹ ਮੇਜ਼ ਤੇ ਪਏ ਕਾਗਜ਼ ਦੇ ਢੇਰਾਂ ਨੂੰ ਟਾਈਪ ਕਰਨ ਲਗ ਪਈ । ਤਿੰਨ ਵਜੇ ਤਕ ਉਹਦੀਆਂ ਹੱਥਾਂ ਦੀਆਂ ਉਂਗਲੀਆਂ ਮਸ਼ੀਨ ਵਾਂਗ ਚਲਦੀਆਂ ਰਹੀਆਂ । ਪੰਜ ਵਜੇ ਉਠਣ ਲਗੀ ਤੇ ਚਪੜਾਸੀ ਨੇ ਕਿਹਾ — ਸਾਹਿਬ ਨੇ ਆਪ ਕੋ ਬੁਲਾਇਆ ਹੈ ।

ਮੈਂ ਚਿੱਠੀਆਂ ਤੇ ਸਾਈਨ ਕਰ ਰਿਹਾ ਸੀ, ਐਹ ਜ਼ਰਾ ਪੜ੍ਹਨਾ ਏਸ ਚਿੱਠੀ ਤੇ ਲਿਖਿਆ ਹੋਇਆ – ਮੈਨੇਜਰ ਕਹਿ ਰਿਹਾ ਸੀ ।

ਕੁੰਦਨ ! ਜੇ ਤੂੰ ਲੇਖਕਾ ਹੁੰਦੀ ਤੇ ਆਪਣੀ ਹਰ ਕਹਾਣੀ ਦੀ ਨਾਇਕਾ ਦਾ ਨਾਇਕ ਨਾਲ ਵਿਆਹ ਕਰ ਦੇਂਦੀ ।

ਦੇਵ––

ਕੁੰਦਨ ਭਾਵੇਂ ਲੇਖਕਾ ਤੇ ਨਹੀਂ ਸੀ ਪਰ ਇਹਦੇ ਤੋਂ ਪਿਛੋਂ ਹਰ ਰੋਜ਼ ਉਹਨੂੰ ਲਗਦਾ ਸੀ ਜਿਵੇਂ ਕਿਸੇ ਪੁਰਾਣੀ ਕਹਾਣੀ ਨੂੰ ਉਸ ਪਾੜ ਛਡਿਆ ਹੋਵੇ ਤੇ ਪਾਟੀ ਹੋਈ ਕਹਾਣੀ ਦੇ ਪੁਰਜ਼ਿਆਂ ਤੇ ਸਵੇਰ ਤੋਂ ਸ਼ਾਮ ਤਕ ਟਾਈਪ ਕਰ ਰਹੀ ਹੋਵੇ ।

ਗੁਰੂ ਨਗਰ ਵੇਰਕਾ, (ਅੰਮ੍ਰਿਤਸਰ)

O

## ਪ੍ਰਾਰਥਨਾ/ਦੀਪਕ ਭੁੱਲਰ

ਪੀਰਿਔਡਿਕਲ ਵਿਭਾਗ ਵਿਚ ਉਸ ਦਿਨ ਕਾਫ਼ੀ ਭੀੜ ਸੀ । ਸੁਨੀਤਿ ਦਰਵਾਜੇ ਤੋਂ ਕਾਫ਼ੀ ਦੂਰ ਇਕ ਇਕੱਲੇ ਜਿਹੇ ਪਏ ਮੇਜ਼ ਤੇ ਜਾ ਬੈਠੀ । ਆਲੋਕ ਨੇ ਚਾਰ ਵਜੇ ਆਉਣ ਨੂੰ ਲਿਖਿਆ ਸੀ ਤੇ ਸੁਨੀਤਿ ਜਾਣਦੀ ਸੀ ਉਹ ਚਾਰ ਵਜੇ ਹੀ ਆਏਗਾ । ਉਹ ਵਕਤ ਦਾ ਬਹੁਤ, ਬਹੁਤ ਪਾਬੰਦ ਰਿਹਾ ਸੀ—ਉਹਨਾਂ ਦੇ ਪਿਛਲੇ ਮਹੀਨਿਆਂ ਦੀ ਜਾਣ-ਪਹਿਚਾਣ ਦੇ ਦੌਰਾਨ । ਉਹ ਹੀ ਹਮੇਸ਼ਾਂ ਲੇਟ ਹੋ ਜਾਇਆ ਕਰਦੀ ਸੀ—ਪਰ ਅੱਜ...ਅੱਜ ਉਹ ਅੱਧਾ ਘੰਟਾ ਪਹਿਲੇ ਹੀ ਲਾਇਬ੍ਰੇਰੀ ਆ ਪੁੱਜੀ ਸੀ...

ਪਰ ਇਹਨਾਂ ਪਿਛਲੇ ਦੋ ਮਹੀਨਿਆਂ ਵਿਚ ਕਿੰਨਾ ਕੁਝ ਤਾਂ ਬਦਲ ਗਿਆ ਸੀ । ਪਿਛਲੇ ਮਹੀਨਿਆਂ ਦੇ ਪਰਿਚਿਤ ਹੁਣ ਕਿੰਨਾ ਨਜ਼ਦੀਕ ਆ ਚੱਲੇ ਸਨ ਤੇ ਇਹ ਨਿਕਟਤਾ ਉਹਨਾਂ ਨੂੰ ਵਿਆਹ-ਸੂਤਰ ਵਿਚ ਵੀ ਤਾਂ ਬੰਨ੍ਹ ਸਕਦੀ ਸੀ...ਜੇ ਕਿਤੇ ਸੁਨੀਤਿ ਨੇ ਯੇਸੂ ਮਸੀਹ ਨੂੰ ਉਹ ਵਚਨ ਨਾ ਦਿਤਾ ਹੁੰਦਾ...ਤਾਂ ਹੀ ਤਾਂ ਆਲੋਕ ਦੀ ਤਾਰ ਸੁਨੀਤਿ ਦੇ ਹੱਥਾਂ ਵਿਚ ਰਹਿ-ਰਹਿ ਕੇ ਕੰਬੀ ਸੀ ਜਿਸ ਵਿਚ ਉਸ ਲਿਖਿਆ ਸੀ : 'ਮੈਂ ਤੈਨੂੰ ਕੁਝ ਕਹਿਣਾ ਹੈ ।'

ਸੁਨੀਤਿ ਖੁਸ਼ ਸੀ, ਬਹੁਤ ਖੁਸ਼ । ਆਲੋਕ ਜੀਵਿਤ ਸੀ ਤੇ ਵਾਪਸ ਆ ਗਿਆ ਸੀ...ਯੇਸੂ ਮਸੀਹ ਨੇ ਉਹਦੀ ਪ੍ਰਾਰਥਨਾ ਸੁਣ ਲਈ ਸੀ...ਤੇ...ਤੇ...ਆਲੋਕ ਨੇ ਸੁਨੀਤਿ ਨੂੰ ਕੁਝ ਕਹਿਣਾ ਸੀ । ਤੇ ਇਸ 'ਕੁਝ' ਤੋਂ ਸੁਨੀਤਿ ਨੂੰ ਬਹੁਤ ਡਰ ਲਗਦਾ ਸੀ ।

ਆਲੋਕ ਨੂੰ ਤਾਂ ਫਰੰਟ ਤੇ ਜਾਣਾ ਹੀ ਨਹੀਂ ਸੀ ਚਾਹੀਦਾ ਕਦੇ ਵੀ—ਉਹ ਤਾਂ ਇਕ ਕਵੀ ਸੀ। ਪਰ ਜਦ ਉਹਨੂੰ ਕਾਫ਼ੀ ਦੇਰ ਤਕ ਕੋਈ ਨੌਕਰੀ ਨਾ ਮਿਲੀ ਤਾਂ ਉਹਨੇ ਸ਼ੌਰਟ-ਸਰਵਿਸ ਕਮੀਸ਼ਨ ਕਰ ਲਈ ਸੀ ਤੇ ਜਦ ਉਹ ਪਾਕਿਸਤਾਨ ਤੇ ਹਿੰਦੁਸਤਾਨ ਦਰਮਿਆਨ ਲੜਾਈ ਵਿਚ ਫਰੰਟ 'ਤੇ ਜਾਣ ਲੱਗਾ ਸੀ ਤਾਂ ਉਹਨੇ ਸੁਨੀਤਿ ਨੂੰ ਸਹਿਜ-ਸੁਭਾ ਹੀ ਪੁੱਛ ਲਿਆ ਸੀ : "ਜੇ ਮੈਂ ਤੈਨੂੰ ਚਿੱਠੀ ਲਿਖਾਂ ਤਾਂ ਕੀ ਤੂੰ ਜਵਾਬ ਦੇਵੇਂਗੀ ?"

ਸੁਨੀਤਿ ਨੇ ਇਕਦਮ ਹਾਂ ਕਰ ਦਿਤੀ ਸੀ ਤੇ ਉਹਦੀ ਚਿੱਠੀ ਦੀ ਇੰਤਜ਼ਾਰ ਵਿਚ ਆਪਣੇ ਇਕੱਲ ਦਾ ਹਰ ਪਲ ਗੁਜ਼ਾਰਨ ਲਗ ਪਈ ਸੀ। ਉਹਦੀ ਪਹਿਲੀ ਚਿੱਠੀ ਵਿਚ ਇਕ ਕਵਿਤਾ ਸੀ ਤੇ ਇਕ ਘੋਸ਼ਨਾ : 'ਤੇਰੇ ਸ਼ਹਿਰ ਵਿਚ ਮੈਂ ਆਪਣਾ ਇਕ ਹਿੱਸਾ ਭੁਲ ਆਇਆ ਹਾਂ ਤੇ ਉਹ ਭੁੱਲਿਆ ਹੋਇਆ ਹਿੱਸਾ ਅਚਾਨਕ ਕੁਰੇਦ ਜਾਂਦਾ ਹੈ—ਕਈ, ਕਈ ਵਾਰ ।'

ਉਹਦੀ ਦੂਸਰੀ ਚਿੱਠੀ ਵਿਚ ਤੀਬਰ ਆਗ੍ਰਹਿ ਸੀ : 'ਉਹਨਾਂ ਫੁਟਪਾਥਾਂ ਤੇ ਕੁਝ ਰਹਿ ਗਿਆ ਹੈ ਜਿਹਨੂੰ ਸੰਜੋਣ 'ਤੇ ਜੀ ਕਰਦਾ ਹੈ।'

ਲੜਾਈ ਦੇ ਉਹਨਾਂ ਭਿਆਨਕ ਦਿਨਾਂ ਵਿਚ ਸੁਨੀਤਿ ਤੇ ਆਲੋਕ ਇਕ ਦੂਸਰੇ ਨਾਲ ਬੰਨ੍ਹੇ ਜਿਹੇ ਜਾ ਰਹੇ ਸਨ। ਤੇ ਫੇਰ ਆਲੋਕ ਨੇ ਆਪਣੀ ਅਖ਼ੀਰਲੀ ਚਿੱਠੀ ਵਿਚ ਲਿਖਿਆ ਸੀ : "ਅਦਿੱਖ ਜਿਹਾ ਆਵਰਨ ਜੋ ਹਰ ਪਲ ਮਨ-ਪ੍ਰਾਨ ਤੇ ਛਾਇਆ ਰਹਿੰਦਾ ਹੈ ਲੇਕਿਨ ਉਹਦੇ ਬਾਵਜੂਦ ਇਕ ਅਣਕਿਹਾ ਜਿਹਾ ਸਮਝੌਤਾ ਹੈ ਜੋ ਇਸ ਚੁੱਪ ਦੇ ਪਾਰ ਸਾਰੀਆਂ ਪਾਰਦਰਸ਼ੀ ਦੀਵਾਰਾਂ ਨੂੰ ਤੋੜ ਦੇਣਾ ਚਾਹੁੰਦਾ ਹੈ...'

ਸੁਨੀਤਿ ਨੇ ਇਹਦੇ ਜਵਾਬ ਵਿਚ ਲਿਖਿਆ ਸੀ : 'ਮੈਂ ਕੁਝ ਨਹੀਂ ਜਾਣਦੀ, ਮੈਨੂੰ ਮੋਹ ਹੋ ਗਿਆ ਹੈ...ਪਰ ਕੀ ਮੈਂ ਆਸ ਰੱਖਾਂ ਕਿ ਸਾਡੀ ਇਸ ਅਵਿਅਕਤ ਸਮੀਪਤਾ ਨੂੰ ਤੂੰ ਅਨਿਸਚਿਤਤਾ ਤੋਂ ਕੱਢ ਕੇ ਕੋਈ ਪਰਿਭਾਸ਼ਾ ਦੇਵੇਂਗਾ ?'

ਆਲੋਕ ਨੇ ਇਹਦਾ ਕੋਈ ਜਵਾਬ ਨਹੀਂ ਸੀ ਦਿਤਾ। ਲੜਾਈ ਖ਼ਤਮ ਹੋ ਗਈ ਸੀ। ਪਰ ਆਲੋਕ ਦੀ ਕੋਈ ਖ਼ਬਰ ਨਹੀਂ ਸੀ ਮਿਲ ਰਹੀ। ਸੁਨੀਤਿ ਨੇ ਆਪਣੇ ਪਿਤਾ ਜੀ ਨੂੰ ਆਖ ਕੇ ਜਦ ਪਤਾ ਕਰਵਾਇਆ ਤਾਂ ਪਤਾ ਚਲਿਆ ਸੀ ਕਿ ਆਲੋਕ ਲਾਪਤਾ ਹੈ...

ਤੇ ਫੇਰ ਡੇਢ ਮਹੀਨੇ ਬਾਦ ਕਲ ਉਹਦੀ ਤਾਰ ਆਈ ਸੀ...ਉਹ ਸਹੀ ਸਲਾਮਤ ਸੀ ਤੇ ਇਹ ਸਭ ਯੇਸ਼ੂ ਮਸੀਹ ਦੀ ਕਿਰਪਾ ਨਾਲ ਹੋਇਆ ਸੀ—ਉਹਨੇ ਸੁਨੀਤਿ ਦੀ ਪ੍ਰਾਰਥਨਾ ਕਬੂਲ ਕਰ ਲਈ ਸੀ ਜਿਵੇਂ ਉਹ ਹਮੇਸ਼ਾਂ ਕਬੂਲਦਾ ਰਿਹਾ ਸੀ.....

ਓਦੋਂ ਸੁਨੀਤਿ ਛੋਟੀ ਸੀ, ਬਹੁਤ ਛੋਟੀ ਜਦ ਉਹਦੇ ਸਕੂਲ ਦੇ ਚਰਚ ਵਿਚ ਉਹਦੀ ਅਧਿਆਪਿਕਾ ਨੇ ਬਾਇਬਲ ਵਿਚੋਂ ਇਹ ਪੜ੍ਹਿਆ ਸੀ : 'ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ...ਕਿਉਂਕਿ ਜੋ ਮੰਗਦਾ ਹੈ ਉਹਨੂੰ ਮਿਲਦਾ ਹੈ...'

ਤੇ ਉਸ ਤੋਂ ਬਾਦ ਛੋਟੀ ਤੋਂ ਛੋਟੀ ਯਾ ਵੱਡੀ ਤੋਂ ਵੱਡੀ ਗੱਲ ਤੇ ਸੁਨੀਤਿ ਆਪਣੀ ਬਾਇਬਲ ਕੋਲ ਜਾਂਦੀ ਤੇ ਉਸ ਉਪਰ ਹੱਥ ਰਖ ਕੇ 'ਮੰਗ' ਲੈਂਦੀ ਤੇ ਉਹ ਉਹਨੂੰ ਮਿਲ ਜਾਂਦਾ। ਜੇ ਉਹਦੇ ਪਾਪਾ ਨੂੰ ਹਸਪਤਾਲ ਤੋਂ ਆਉਂਦਿਆਂ ਦੇਰ ਹੋ ਜਾਂਦੀ ਤਾਂ ਉਹ ਝਟ ਬਾਇਬਲ ਤੇ ਹੱਥ ਰਖਕੇ ਪ੍ਰਾਰਥਨਾ ਕਰਦੀ, 'ਹੇ ਯੇਸ਼ੂ ਮਸੀਹ ਮੇਰੇ ਪਾਪਾ ਹੁਣੇ ਪੰਦਰਾਂ ਮਿੰਟਾਂ ਦੇ ਅੰਦਰ ਅੰਦਰ ਜ਼ਰੂਰ-ਬ-ਜ਼ਰੂਰ ਘਰ ਆ ਜਾਣ' ਤੇ ਫੇਰ ਦੱਸ ਮਿੰਟਾਂ ਦੇ ਅੰਦਰ ਹੀ ਉਹਦੇ ਪਾਪਾ ਦੀ ਕਾਰ ਦਾ ਹਾਰਨ ਗੇਟ ਦੇ ਕੋਲ ਵੱਜ ਉਠਦਾ। ਇਸੇ ਤਰ੍ਹਾਂ ਹੀ ਜਦ ਉਹਦੇ ਮੰਮੀ ਨੂੰ ਕਦੇ ਸ਼ੌਪਿੰਗ ਕਰਦੇ ਕਰਦੇ ਦੇਰ ਹੋ ਜਾਂਦੀ ਹਾਂ ਉਹ ਬਾਇਬਲ ਦੇ ਹੱਥ ਰਖ ਕੇ ਪ੍ਰਾਰਥਨਾ ਕਰਦੀ 'ਹੇ ਯੇਸ਼ੂ ਮਸੀਹ, ਮੇਰੇ ਮੰਮੀ ਹੁਣੇ ਅੱਧੇ ਘੰਟੇ ਤਕ ਜ਼ਰੂਰ-ਬ-ਜ਼ਰੂਰ ਘਰ ਆ ਜਾਣ' ਤੇ ਫੇਰ ਉਹ ਵੇਖਦੀ ਕਿ ਵੀਹ ਮਿੰਟਾਂ

ਮੇਰਾ ਪੰਜਾਬੀ ਦਾ ਗਿਆਨ ਤੀਜੀ ਜਮਾਤ ਦੇ ਪੱਧਰ ਦਾ ਹੀ ਰਹਿੰਦਾ ਜੇ ਮੈਂ ਆਪਣੀ ਮਾਤਰੀ-ਭਾਸ਼ਾ ਵਿਚ ਲਿਖਣ ਬਾਰੇ ਏਨੀ ਉਤਸੁਕ ਤੇ ਉਤਸ਼ਾਹੀ ਨਾ ਹੁੰਦੀ। ਇਸੇ ਕਰਕੇ ਹੀ ਮੈਂ ਪੰਜਾਬੀ ਸਾਹਿਤ ਵੀ ਉਸੇ ਡੂੰਘੀ ਦਿਲਚਸਪੀ ਤੇ ਗਹਿਰੀ ਰੁਚੀ ਨਾਲ ਪੜ੍ਹਦੀ ਰਹੀ ਹਾਂ—ਜਿਸ ਤਰ੍ਹਾਂ ਮੈਂ ਦੂਜੇ ਸਾਹਿਤਾਂ ਦਾ ਸਵਾਦ ਮਾਣਦੀ ਰਹੀ ਹਾਂ। ਗੁੰਝਲ-ਦਾਰ ਸਾਮਾਜਿਕ ਰਿਸ਼ਤਿਆਂ ਦੀ ਤੀਬਰਤਾ ਤੇ ਉਦਾਸੀਨਤਾ, ਰਸ ਤੇ ਰਸਹੀਣਤਾ, ਗਹਿਣਤਾ ਤੇ ਖੋਖਲਾਪਣ ਅਤੇ ਜੀਵਨ ਦੀ ਮਿਠਾਸ ਤੇ ਕੁੜੱਤਣ ਤੇ ਰੋਸ ਜੇ ਮੇਰੀਆਂ ਕਹਾਣੀਆਂ ਸਫਲਤਾ ਨਾਲ ਦਰਸਾ ਸਕੀਆਂ ਤਾਂ ਮੈਨੂੰ ਬੜੀ ਖ਼ੁਸ਼ੀ ਹੋਵੇਗੀ।"

ਦੇ ਅੰਦਰ ਹੀ ਉਹਦੇ ਮੰਮੀ ਉਹਦੇ ਹੱਥ ਵਿਚ ਉਹਦੇ ਮਨ ਭਾਉਂਦੇ ਚਾਕਲੇਟ ਫੜਾਉਂਦੇ ਹੁੰਦੇ। ਤੇ ਜਦ ਵੀਰੇਨ ਨੂੰ ਆਪਣੇ ਦੋਸਤ ਦੇ ਘਰੋਂ ਆਉਂਦੇ ਆਉਂਦੇ ਦੇਰ ਹੋ ਜਾਂਦੀ ਤਾਂ ਉਹ ਭੱਜ ਕੇ ਆਪਣੀ ਬਾਈਬਲ ਤੇ ਹੱਥ ਰਖ ਕੇ ਮੰਗਦੀ: 'ਹੇ ਯੇਸੂ ਮਸੀਹ, ਮੇਰਾ ਭਰਾ ਹੁਣੇ ਦਸਾਂ ਮਿੰਟਾਂ ਤਕ ਜ਼ਰੂਰ-ਬ-ਜ਼ਰੂਰ ਘਰ ਆ ਜਾਵੇ' ਤੇ ਫੇਰ ਸੱਤਾਂ ਮਿੰਟਾਂ ਵਿਚ ਹੀ ਵੀਰੇਨ ਉਹਦੇ ਨਾਲ ਹੁੰਦਾ। ਇਸੇ ਤਰ੍ਹਾਂ ਜਦ ਵੀ, ਜੋ ਵੀ ਉਹ ਯੇਸੂ ਮਸੀਹ ਕੋਲੋਂ ਮੰਗਦੀ—ਉਹ ਸਭ ਕੁਝ ਉਹਨੂੰ ਮਿਲ ਜਾਂਦਾ। ਉਹ ਆਪਣੀ ਕਲਾਸ ਵਿਚੋਂ ਹਮੇਸ਼ਾਂ ਅਵੱਲ ਆਉਂਦੀ, ਵੀਰੇਨ ਹਮੇਸ਼ਾਂ ਪਾਸ ਹੋ ਜਾਂਦਾ, ਪਾਪਾ ਦੇ ਮਰੀਜ਼ ਮੌਤ ਦੇ ਮੂੰਹੋਂ ਵਾਪਸ ਆ ਜਾਂਦੇ...

ਤੇ ਫੇਰ ਹੁਣ ਜਦ ਆਲੋਕ ਦੇ ਲਾਪਤਾ ਹੋਣ ਦੀ ਖ਼ਬਰ ਮਿਲੀ ਸੀ ਤਾਂ ਸੁਨੀਤਿ ਇਕ ਅਡਿਗ ਵਿਸ਼ਵਾਸ ਲੈ ਕੇ ਯੇਸੂ ਮਸੀਹ ਕੋਲ ਗਈ ਸੀ ਤੇ ਉਹਨੇ ਬਾਇਬਲ ਤੇ ਹੱਥ ਰਖ ਕੇ ਮੰਗਿਆ ਸੀ। 'ਹੇ ਯੇਸੂ ਮਸੀਹ, ਆਲੋਕ ਜ਼ਰੂਰ-ਬ-ਜ਼ਰੂਰ ਸਹੀ ਸਲਾਮਤ ਹੋਵੇ...ਤੂੰ ਉਹਦੀ ਰੱਖਿਆ ਦੀ, ਉਹਦੇ ਜੀਵਨ ਦੀ ਜ਼ਿੰਮੇਵਾਰੀ ਆਪਣੇ ਉਪਰ ਲੈ ਲੈ ..ਤੇ ਹੇ ਯੇਸੂ ਇਹਦੇ ਬਦਲੇ ਵਿਚ ਮੈਂ ਵਚਨ ਦੇਂਦੀ ਹਾਂ ਕਿ ਮੈਂ ਆਲੋਕ ਨਾਲ ਵਿਆਹ ਨਹੀਂ ਕਰਾਵਾਂਗੀ।'

ਇਹ ਸਭ ਉਹਨੇ ਇਹ ਸੋਚ ਕੇ ਕਿਹਾ ਸੀ ਕਿ ਕਿਉਂਕਿ ਇਸ ਵਾਰ ਉਹ 'ਬਹੁਤ ਕੁਝ' ਮੰਗ ਰਹੀ ਸੀ। ਇਸ ਲਈ ਉਹਨੂੰ ਲਗਾ ਕਿ ਉਹਨੂੰ 'ਬਹੁਤ ਕੁਝ' ਛਡਣਾ ਵੀ ਪਵੇਗਾ ਜਿਸ ਤਰ੍ਹਾਂ 'ਦ ਐਂਡ ਆਵ ਐਨ ਅਫ਼ੇਅਰ' ਵਿਚ ਸਾਰਾਹ ਮਾਇਲਜ਼ ਨੇ ਮੰਗਿਆ ਤੇ ਛਡਿਆ ਸੀ, ਜਿਸ ਤਰ੍ਹਾਂ 'ਦ ਮਿਰੇਕਲ' ਵਿਚ ਕੈਰਲ ਬੇਕਰ ਨੇ ਮੰਗਿਆ ਤੇ ਛੱਡਿਆ ਸੀ...ਤੇ ਫੇਰ ਵਿਆਹ ਕੋਈ ਜ਼ਰੂਰੀ ਵੀ ਤਾਂ ਨਹੀਂ ਹੁੰਦਾ – ਸੁਨੀਤਿ ਨੇ ਆਪਣੇ ਆਪ ਨੂੰ ਸਮਝਾਇਆ ਸੀ – ਉਹਨੇ 'ਏ ਪੈਚ ਆਵ ਬਲੂ' ਵਿਚ ਸਿਡਨੀ ਪੋਇਅਰ ਦੇ ਇਹ ਸ਼ਬਦ ਕਿ 'ਹਰ ਪ੍ਰੇਮ ਦਾ ਵਿਆਹ ਵਿਚ ਪਰੋਏ ਜਾਣਾ ਜ਼ਰੂਰੀ ਨਹੀਂ' ਯਾਦ ਕਰ ਲਏ ਸੀ ਤੇ ਹਰ ਦਿਨ, ਹਰ ਪਲ ਆਲੋਕ ਦੀ ਸਲਾਮਤੀ ਦੀ ਤਾਰ ਦੀ ਇੰਤਜ਼ਾਰ ਵਿਚ ਕੱਟ ਦਿੱਤਾ ਸੀ — ਤੇ ਕੱਲ ਤੋਂ ਹੀ ਸੁਨੀਤਿ ਯੇਸੂ ਮਸੀਹ ਕੋਲੋਂ ਹਿੰਮਤ ਮੰਗ ਰਹੀ ਸੀ — ਜਿਸ ਦੀ ਉਹਨੂੰ ਬਹੁਤ ਲੋੜ ਸੀ — ਉਹ ਆਲੋਕ ਨਾਲ ਬਹੁਤ ਪਿਆਰ ਕਰਦੀ ਸੀ ਤੇ ਉਹ ਉਹਦੇ ਨਾਲ ਵਿਆਹ ਵੀ ਕਰਨਾ ਚਾਹੁੰਦੀ ਸੀ ਪਰ ਫੇਰ ਆਪਣਾ ਵਚਨ ਉਹਨੂੰ ਯਾਦ ਆ ਜਾਂਦਾ ਤੇ ਉਹ ਦੁਹਰਾਉਣ ਲਗ ਪੈਂਦੀ।

'ਤੇ ਸਾਨੂੰ ਪ੍ਰਲੋਭਨ ਤੋਂ ਬਚਾ ਕੇ ਰੱਖਣਾ। ਪਰ ਫੇਰ ਸੁਨੀਤਿ ਸੋਚਦੀ ਉਹ ਆਲੋਕ ਨੂੰ 'ਨਾਂ' ਕਿਵੇਂ ਆਖੇਗੀ- ਜਦ ਉਹ ਕਹੇਗਾ, 'ਹਾਂ ਮੈਂ ਇਹ ਕਹਿਣਾ ਹੈ ਕਿ ਮੈਂ ਤੇਰੇ ਨਾਲ ਵਿਆਹ ਕਰਨਾ ਚਾਹੁੰਦਾ ਹਾਂ, ਤਾਂ ਉਹ ਕਿਸ ਤਰ੍ਹਾਂ ਆਪਣੇ ਦਿਲ ਦੀ ਵਾਜ ਅਣਸੁਣੀ ਕਰਕੇ ਉਹਨੂੰ ਦੱਸੇਗੀ ਕਿ ਉਹ ਆਲੋਕ ਨਾਲ ਵਿਆਹ ਨਹੀਂ ਕਰ ਸਕਦੀ। ਤੇ ਹੁਣ ਆਲੋਕ ਬੂਹੇ ਤੇ ਸੀ......।

ਸੁਨੀਤਿ ਅਬੜਬਾਹੇ ਉੱਠ ਖਲੋਤੀ। ਆਲੋਕ ਦੀਆਂ ਲਭਦੀਆਂ ਅੱਖਾਂ ਉਹਦੇ ਤੇ ਆਕੇ ਟਿਕ ਗਈਆਂ। ਸੁਨੀਤਿ ਆਲੋਕ ਵਲ ਲਪਕੀ। ਉਹ ਕਮਰੇ ਦੇ ਵਿਚਕਾਰ ਇਕ ਦੂਜੇ ਨੂੰ ਮਿਲੇ। ਆਲੋਕ ਬਿਲਕੁਲ ਨਾਲ ਹੋ ਗਿਆ ਸੀ — ਉਹ ਹਮੇਸ਼ਾਂ ਹੀ ਬਹੁਤ ਨਾਲ ਹੋ ਜਾਇਆ ਕਰਦਾ ਸੀ ਜਦ ਵੀ ਉਹ ਬਹੁਤ ਉਤੇਜਿਤ ਹੋ ਜਾਇਆ ਕਰਦਾ ਸੀ।

"ਤੇਰਾ ਕੀ ਹਾਲ ਹੈ ?" ਸੁਨੀਤਿ ਨੇ ਹੌਲੀ ਜਿਹੀ ਕਿਹਾ! ਉਹਨੂੰ ਲਗਾ ਸਾਰੇ ਲੋਕ ਉਹਨਾਂ ਵਲ ਹੀ ਵੇਖ ਰਹੇ ਸਨ।

"ਚੱਲ ਬਾਹਰ ਚਲੀਏ," ਆਲੋਕ ਨੇ ਕਿਹਾ।

'ਕੋਫੀ ਹਾਊਸ ?" ਸੁਨੀਤਿ ਨੇ ਕਾਹਲੀ ਪੈ ਕੇ ਪੁਛਿਆ।

"ਹਾਂ, ਪਰ ਤੂੰ ਫਰੱਸਟਰੇਟਿਡ ਕਿਉਂ ਲੱਗ ਰਹੀ ਹੈਂ ? ਆਲੋਕ ਨੇ ਕਿਹਾ।

ਤੂੰ ਘੱਟ ਨਹੀਂ ਲਗਦਾ" ਸੁਨੀਤਿ ਨੇ ਕਿਹਾ।

ਆਲੋਕ ਹੱਸਿਆ ਤੇ ਉਹਨੇ ਸੁਨੀਤਿ ਦਾ ਹੱਥ ਆਪਣੇ ਹੱਥ ਵਿਚ ਲੈ ਲਿਆ।

"ਤੂੰ ਖੁਸ਼ ਹੈਂ ?" ਆਲੋਕ ਨੇ ਪੁਛਿਆ।

ਸੁਨੀਤਿ ਕੰਬੀ। ਇਹ ਹਾਸਾ ਹੀ ਤਾਂ ਉਹ ਹਾਸਾ ਸੀ ਜੋ ਪਿਛਲੇ ਏਨੇ ਦਿਨਾਂ ਤੋਂ ਉਹਦੇ ਕੰਨਾਂ ਵਿਚ ਉਠਦਿਆਂ ਬੈਠਦਿਆਂ, ਸੌਂਦਿਆਂ ਜਾਗਦਿਆਂ ਗੂੰਜਦਾ ਰਹਿੰਦਾ ਸੀ। ਇਹ ਛੁਹ ਹੀ ਤਾਂ ਉਹ ਛੁਹ ਸੀ ਜਿਸਦੀ ਵਾਪਸੀ ਦੀ ਰਾਹ ਉਹਦੇ ਹੱਥ ਏਨੇ ਦਿਨਾਂ ਤੋਂ ਤਕਦੇ ਰਹੇ ਸਨ ... ... ।

"ਤੂੰ ਮੇਰੇ ਘਰ ਕਿਉਂ ਨਹੀਂ ਚਲਦਾ ?" ਸੁਨੀਤਿ ਨੇ ਪੁੱਛਿਆ।

"ਨਹੀਂ ਮੈਂ ਤੈਨੂੰ ਇਕੱਲ ਵਿਚ ਕੁਝ ਕਹਿਣਾ ਹੈ... ਇਥੇ ਕੌਫ਼ੀ ਹਾਊਸ ਵਿਚ ਹੀ ਬੈਠਦੇ ਹਾਂ।"

ਸੁਨੀਤਿ ਬਹੁਤ ਘਬਰਾ ਗਈ। ਉਹ ਆਲੋਕ ਨੂੰ ਬਹੁਤ ਬਹੁਤ ਚਾਹੁੰਦੀ ਸੀ।......

"ਤੇਰੀ ਸਲਾਮਤੀ ਦੀ ਵਧਾਈ ਮੈਨੂੰ ਸਮਝ ਨਹੀਂ ਆਉਂਦੀ ਕਿਹਨੂੰ ਜਿਆਦਾ ਦਵਾਂ—ਤੈਨੂੰ ਕਿ ਆਪਣੇ ਆਪ ਨੂੰ," ਸੁਨੀਤਿ ਨੇ ਰਸਤੇ ਵਿਚ ਆਲੋਕ ਨੂੰ ਆਖਿਆ।

ਆਲੋਕ ਚੁਪ ਰਿਹਾ। ਉਹ ਕਿਸੇ ਗਹਿਰੀ ਸੋਚ ਵਿਚ ਜਾਪਦਾ ਸੀ।

"ਯੂ ਵਰ ਰਿਪੋਰਟਿਡ ਮਿਸਿੰਗ।" ਤੂੰ ਕਿਥੇ ਰਿਹਾ ਏਨੀ ਦੇਰ ? ਕਦੋਂ ਆਇਆ ? ਦਿਸ ਵੌਰ ਮਸਟ ਹੈਵ ਬੀਨ ਕੁਆਇਟ ਐਨ ਐਕਸਪੀਰਿੰਨਸ।"

"ਲੜਾਈ ਦੀ ਗੱਲ ਮੈਂ ਬਹੁਤ ਵਾਰ ਕਰ ਚੁੱਕਾ ਹਾਂ–ਤੈਨੂੰ ਦੱਸਾਂਗਾ ਸਭ ਕੁਝ......ਲੜਾਈ ਨੇ ਮੈਨੂੰ ਬੜੀ ਬੁਰੀ ਤਰ੍ਹਾਂ ਝੰਝੋੜ ਦਿਤਾ ਸੀ—ਆਇ ਸਟਿਲ ਹੈਵ ਨੌਟ ਰਿਕੂਪਡ ਪਰੌਪਰਲੀ — ਪਰ ਸਭ ਦੱਸਾਂਗਾ ਤੈਨੂੰ — ਆ ਅੰਦਰ ਚਲੀਏ।"

ਕੌਫੀ ਹਾਉਸ ਆ ਗਿਆ ਸੀ। ਆਲੋਕ ਤੇ ਸੁਨੀਤਿ ਕੋਨੇ ਦੀ ਇਕ ਮੇਜ਼ ਤੇ ਜਾ ਬੈਠੇ। ਜਿਥੇ ਉਹ ਅੱਗੇ ਬੈਠਿਆ ਕਰਦੇ ਸੀ – ਅੱਜ ਉਥੇ ਕੋਈ ਹੋਰ ਕੁੜੀ ਕਿਸੇ ਮੁੰਡੇ ਨਾਲ ਬੈਠੀ ਗੱਲਾਂ ਕਰ ਰਹੀ ਸੀ।

('ਤੂੰ ਕੀ ਲਵੇਂਗੀ ?' ਆਲੋਕ ਨੇ ਪੁਛਿਆ

"ਅਜੇ ਤੇ ਸਿਰਫ ਇਕ ਕੋਕਾ। ਤੂੰ ਕੁਝ ਖਾਣਾ ਹੈ ?" ਸੁਨੀਤਿ ਬੋਲੀ।

"ਮੈਂ ਵੀ ਅਜੇ ਸਿਰਫ ਇਕ ਕੋਕ ਹੀ ਲਵਾਂਗਾ।" ਆਲੋਕ ਸੁਨੀਤਿ ਵਲ ਤੱਕ ਕੇ ਮੁਸਕਰਾ ਪਿਆ।

ਜਦ ਤਕ ਕੋਕ ਆਏ ਆਲੋਕ ਤੇ ਸੁਨੀਤਿ ਚੁੱਪ ਕਰ ਕੇ ਬੈਠੇ ਰਹੇ। ਜਦ ਵੇਟਰ ਕੋਕ ਰਖ ਰਿਹਾ ਸੀ ਤਾਂ ਸੁਨੀਤਿ ਨੇ ਕਿਹਾ "ਮੈਂ ਏਹ ਅਰੇਂਜਮੇਂਟ ਪੜ੍ਹ ਲਈ ਹੈ। ਕੀ ਤੂੰ ਨਹੀਂ ਚਾਹੁੰਦਾ ਕਿ ਉਹਦਾ ਅੰਤ ਕੁਝ ਹੋਰ ਅਨਕਨਵੈਨਸ਼ਲ ਹੁੰਦਾ ?"

"ਮੈਨੂੰ ਗਵੇਨ ਬਹੁਤ ਚੰਗੀ ਲਗੀ" ਸੁਨੀਤਿ ਨੇ ਕਿਹਾ।

"ਗਵੇਨ ਵਰਗੀਆਂ ਕੁੜੀਆਂ ਮੈਨੂੰ ਬਹੁਤ ਆਂਤਕਿਤ ਕਰਦੀਆਂ ਹਨ। ਏਨਾ ਅਨਕਨਵੈਨਸ਼ਲ ਹੋਣਾ ਖਤਰੇ ਤੋਂ ਖਾਲੀ ਨਹੀਂ......ਦੇ ਆਰ ਡੇਂਜਰਸ" ਆਲੋਕ ਅਟਕ ਅਟਕ ਬੋਲਿਆ।

"ਬਟ ਇਟ ਇਜ਼ ਵਰਥ ਇਟ" ਸੁਨੀਤਿ ਕਹਿਣ ਲਗੀ।

"ਫੇਰ ਤਾਂ ਮੈਨੂੰ ਤੇਰੇ ਲਈ ਵੀ ਡਰਨਾ ਚਾਹੀਦਾ ਹੈ।"

"ਚੰਗਾ — ਮੇਰੇ ਤੋਂ ਨਹੀਂ ਡਰਦਾ ?" ਸੁਨੀਤਿ ਨੇ ਕਿਹਾ।

ਆਲੋਕ ਅਚਕਚਾ ਗਿਆ। ਫੇਰ ਉਹਨੇ ਹੌਲੀ ਜਿਹੀ ਕਿਹਾ : "ਸੁਨ, ਇਹ ਗਲ ਨਹੀਂ ਕਿ ਮੈਨੂੰ ਇਸ ਸਮਾਜ ਦੇ ਰੀਤੀ-ਰਿਵਾਜ ਚੰਗੇ ਲਗਦੇ ਹਨ ਪਰ ਫੇਰ ਮੈਨੂੰ ਉਹਨਾਂ ਨਾਲ ਨਿਭਾਉਣਾ ਹੀ ਪੈਂਦਾ ਹੈ ......"

"ਇਹੋ ਜਿਹੀਆਂ ਮਜਬੂਰੀਆਂ ਮੈਨੂੰ ਤਾਂ ਬੋਤੁਕੇਪਨ ਤੋਂ ਜ਼ਿਆਦਾ ਕੁਝ ਨਹੀਂ ਲਗਦੀਆ। ਹਰ ਮਨੁਖ ਨੂੰ ਅਧਿਕਾਰ ਹੈ ਉਹ ਸਭ ਕਰਣ ਦੀ ਜੋ ਉਹਨੂੰ ਚੰਗਾ ਲਗਦਾ ਹੈ ... ..." ਤੇ ਫੇਰ ਸੁਨੀਤਿ ਰੁਕ ਗਈ। ਉਹ ਆਪ ਵੀ ਤਾਂ ਉਹ ਸਭ ਨਹੀਂ ਕਰ ਸਕੇਗੀ। ਜੋ ਉਹ ਚਾਹੁੰਦੀ ਸੀ। 'ਪਰ ਮੈਨੂੰ ਤਾਂ ਆਪਣਾ ਵਚਨ ਨਿਭਾਉਣਾ ਹੈ,' ਸੁਨੀਤਿ ਨੇ ਆਪਣੇ ਆਪ ਨੂੰ ਕਿਹਾ। ਕਿੰਨਾ ਚੰਗਾ ਹੁੰਦਾ ਜੇ ਆਲੋਕ ਆਪਣੀ ਬਾਂਹ ਯਾ ਲੱਤ ਲੜਾਈ ਵਿਚ ਗੁਆ ਆਉਂਦਾ ! ਤਾਂ ਮੈਂ ਝਟ ਇਹ ਸੋਚ ਕੇ ਵਿਆਹ ਕਰ ਲੈਂਦੀ ਕਿ ਯੇਸੂ ਮਸੀਹ ਨੇ ਆਲੋਕ ਦੀ ਪੂਰੀ ਹਿਫ਼ਾਜ਼ਤ ਨਹੀਂ ਸੀ ਕੀਤੀ ... ਪਰ ਨਹੀਂ ... ਮੈਨੂੰ ਏਨੀ ਕਮੀਨੀ ਗੱਲ ਨਹੀਂ ਸੋਚਣੀ ਚਾਹੀਦੀ – ਆਲੋਕ ਸਹੀ-ਸਲਾਮਤ ਲੜਾਈ ਤੋਂ ਮੁੜ ਆਇਆ ਹੈ ਤੇ ਇਹੀ ਕਾਫ਼ੀ ਹੈ ... ।

"ਮੈਂ ਤੈਨੂੰ ਕੁਝ ਕਹਿਣਾ ਚਾਹੁੰਦਾ ਹਾਂ" ਆਲੋਕ ਰੁਕ-ਰੁਕ ਕੇ ਬੋਲਿਆ। ਉਹਦਾ ਸਵਰ ਮੁਆਫ਼ੀ ਮੰਗਣਾ ਜਾਪ ਰਿਹਾ ਸੀ। 'ਕੀ ਪਤਾ ਸਾਰੇ ਆਦਮੀ ਇੰਝ ਹੀ ਮੁਆਫ਼ੀ ਮੰਗਦੇ ਲਹਿਜੇ ਵਿਚ ਵਿਆਹ ਦੀ ਗਲ ਕਰਦੇ ਹੋਣ ? ਸੁਨੀਤਿ ਨੇ ਆਪਣੇ ਆਪ ਨੂੰ ਤਸੱਲੀ ਦਿੱਤੀ। ਪਰ ਸੁਨੀਤਿ ਚਾਹੁੰਦੀ ਸੀ ਆਲੋਕ ਸੌਖਾ ਸੌਖਾ ਮਹਿਸੂਸ ਕਰੇ। ਸੁਨੀਤਿ ਉਹਦੇ ਹੱਥ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੀ ਸੀ। ਆਲੋਕ ਦੇ ਹੱਥ ਸੁਨੀਤਿ ਨੂੰ ਬਹੁਤ ਚੰਗੇ ਲਗਦੇ ਸਨ — ਮਜ਼ਬੂਤ ਹਥੇਲੀਆਂ ਵਾਲੇ ਤੇ ਲੰਮੀਆਂ, ਸੁਹਣੀਆਂ ਤੇ ਨਾਜ਼ੁਕ-ਜਿਹੀਆਂ ਉਂਗਲੀਆਂ ਵਾਲੇ ......।

"ਮੈਂ ਅਜ ਕਲ ਡਾਕਟਰ ਜਿਵਾਗੋ ਪੜ੍ਹਦਾ ਰਿਹਾ ਹਾਂ — ਤੈਨੂੰ ਯਾਦ ਹੈ ਉਹ ਕਵਿਤਾ — 'ਐਕਸਪਲੇਨੇਸ਼ਨਲ' ਤੇ ਉਹਦੀਆਂ ਇਹ ਸਤਰਾਂ ਜਿਹਨਾਂ ਵਿਚ ਉਹ ਕਹਿੰਦਾ ਹੈ ਕਈ ਵਰ੍ਹੇ ਬੀਤ ਜਾਣਗੇ, ਤੂੰ ਵਿਆਹ ਕਰ ਲਵੇਂਗੀ ਤੇ ਤੇ ਫੇਰ ਭੁਲ ਜਾਵੇਂਗੀ।"

"ਪਰ ਆਲੋਕ ਤੂੰ ਇਹ ਸਭ ਮੈਨੂੰ ਕਿਉਂ ਸੁਣਾ ਰਿਹਾ ਹੈਂ ? ਸੁਨੀਤਿ ਰੋਣਹਾਕੀ ਹੋ ਗਈ।

"ਵੇਖ ਸੁਨੂ, ਮੈਂ ਤੈਨੂੰ ਦਸ ਦੇਣਾ ਚਾਹੁੰਦਾ ਹਾਂ ਕਿ

ਮੇਰੇ ਦਿਲ ਵਿਚ ਤੇਰੇ ਲਈ ਡੂੰਘਾ ਆਦਰ ਹੈ — ਇਟ ਇਜ਼ ਔਲਮੋਸਟ ਰੇਵਰੇਂਸ। ਪਰ ਮੇਰੀਆਂ ਕੁਝ ਸਾਮਾਜਿਕ ਕੁਝ ਆਰਥਿਕ ਮਜਬੂਰੀਆਂ ਹਨ ਜਿਹਨਾਂ ਕਾਰਣ ਮੈਨੂੰ ਲਗਦਾ ਹੈ ਕਿ ਆਏ ਮਸਟ ਪੁਟ ਐਨ ਐਂਡ ਟੂ ਦਿਸ ਅਫੇਅਰ... ਐਂਡ ਆਏ ਮਸਟ ਫਰੀ ਯੂ"

ਆਲੋਕ ਕਹਿੰਦਾ ਰਿਹਾ । ਸੁਨੀਤਿ ਸੁਣਦੀ ਰਹੀ ।

"ਵੇਖ ਸੁਨੂ, ਤੂੰ ਕੁਝ ਤਾਂ ਕਹਿ ... ... ਮੈਂ ਜਾਣਦਾ ਹਾਂ ਮੈਂ ਆਪਣੇ ਆਪਨੂੰ ਉਮਰ-ਭਰ ਮੁਆਫ ਨਹੀਂ ਕਰ ਪਾਵਾਂਗਾ ... ਸਾਰੀ ਉਮਰ ਕੋਸਦਾ ਰਵਾਂਗਾ ਆਪਣੇ ਆਪ ਨੂੰ ... ... ਪਰ ਕੀ ਤੂੰ ਕੁਝ ਨਹੀਂ ਕਵੇਂਗੀ ?"

"ਮੈਂ ਨਹੀਂ ਜਾਣਦੀ ਕੀ ਕਵ੍ਹਾਂ ? ਸੁਨੀਤਿ ਨੇ ਸੱਚ ਬੋਲ ਦਿਤਾ ।

"ਮੈਂ ਜਾਣਦਾ ਹਾਂ ਤੈਨੂੰ ਬੜਾ ਅਜੀਬ ਲੱਗਿਆ ਹੋਵੇਗਾ ... ... ਪਰ ਵੇਖ ਨਾ ਸੁਨੀਤਿ ਇਹ ਜ਼ਰੂਰੀ ਤਾਂ ਨਹੀਂ ਹੁੰਦਾ ਕਿ ਹਰ ਪ੍ਰੇਮ ਦਾ ਅੰਤ ਵਿਆਹ ਵਿਚ ਹੀ ਹੋਵੇ - ਤੈਨੂੰ ਯਾਦ ਹੈ ਨਾ 'ਏ ਮੈਚ ਆਵ ਬਲੂ... ।'

"ਇਟ ਸੂਟਸ ਮੀ ਫ਼ਾਇਨ ਸੁਨੀਤਿ ਨੇ ਕਿਹਾ ਤੇ ਇਹ ਵੀ ਸੱਚ ਹੀ ਤਾਂ ਸੀ ।

ਮੇਰੀ ਗੱਲ ਅਜੇ ਪੂਰੀ ਨਹੀਂ ਹੋਈ — ਮੈਂ ਦੱਸਣਾ ਚਾਹੁੰਦਾ ਹਾਂ ..." ਅਲੋਕ ਨੇ ਕਿਹਾ ।

"ਮੈਂ ਕੁਝ ਸੁਨਣਾ ਨਹੀਂ ਚਾਹੁੰਦੀ। ਮੈਂ ਹੁਣ ਜਾਵਾਂਗੀ" ਤੇ ਸੁਨੀਤਿ ਉਠ ਪਈ ।

"ਕੀ ਤੂੰ ਥੋੜ੍ਹੀ ਦੇਰ ਨਹੀਂ ਬੈਠ ਸਕਦੀ ? ਮੈਂ ਤੈਨੂੰ..."

"ਨਹੀਂ, ਮੈਂ ਜਾਣਾ ਹੈ" ਤੇ ਸੁਨੀਤਿ ਬੂਹੇ ਵਲ ਨੂੰ ਤੁਰ ਪਈ ।

ਜਦ ਤਕ ਆਲੋਕ ਕਾਊਂਟਰ ਤੇ ਪੈਸੇ ਦੇ ਕੇ ਬਾਹਰ ਆਇਆ ਸੁਨੀਤਿ ਇਕ ਸਕੂਟਰ ਰਿਕਸ਼ੇ ਨੂੰ ਬੁਲਾ ਚੁਕੀ ਸੀ ।

ਕੀ ਤੂੰ ਬਹੁਤ ਨਾਰਾਜ਼ ਹੈਂ ?" ਆਲੋਕ ਨੇ ਪੁੱਛਿਆ, "ਤੂੰ ਨਹੀਂ ਜਾਣਦੀ ਉਥੇ ਕੀ ਹੋਇਆ ਸੀ...ਤੂੰ ਸੁਣ ਤਾਂ ਸਹੀ—ਠਹਿਰ ਮੈਂ ਤੇਰੇ ਨਾਲ ਚਲਦਾ ਹਾਂ ... "

"ਨਹੀਂ ਬੱਸ ਥੈਂਕ ਯੂ" ਸੁਨੀਤਿ ਨੇ ਕਿਹਾ,

ਡੋਂਟ ਇਨਫਲਿਕਟ ਸਚ ਪੇਨ ਔਨ ਮੀ । ਹੁਣ ਤੂੰ ਇਹ ਧੰਨਵਾਦ ਕਿਸ ਗੱਲ ਦਾ ਕਰ ਰਹੀ ਹੈਂ ?" ਆਲੋਕ ਨੇ ਪੁੱਛਿਆ ।

"ਕੋਕ ਦਾ ਸੁਨੀਤਿ ਨੇ ਕਿਹਾ ਤੇ ਸਕੂਟਰ ਰਿਕਸ਼ੇ ਵਿਚ ਬੈਠ ਗਈ ।

"ਤੂੰ ਏਨੀ...ਤੂੰ ਸੁਣ ਤੇ — ਠਹਿਰ ਤੇ — "ਆਲੋਕ ਕਹਿ ਰਿਹਾ ਸੀ ।

"ਸੈਕਟਰ ਪੰਦਰਾਂ" ਸੁਨੀਤਿ ਨੇ ਡਰਾਈਵਰ ਨੂੰ ਆਖਿਆ । ਆਲੋਕ ਉਥੇ ਖਲੋਤਾ ਰਹਿ ਗਿਆ । ਸੁਨੀਤਿ ਨੇ ਪਿੱਛੇ ਮੁੜ ਕੇ ਨਾ ਤੱਕਿਆ। ਠੀਕ ਹੀ ਤਾਂ ਸੀ, ਯੇਸੂ ਮਸੀਹ ਨੇ ਉਹਨੂੰ ਏਨੇ ਵੱਡੇ ਪ੍ਰਲੋਭਨ ਤੋਂ ਬਚਾ ਲਿਆ ਸੀ—ਜੇ ਕਿਤੇ ਆਲੋਕ ਉਹਨੂੰ ਵਿਆਹ ਲਈ ਕਹਿ ਬੈਠਦਾ ਤਾਂ ਵਿਚਾਰੀ ਸੁਨੀਤਿ ਆਲੋਕ ਨੂੰ ਕੀ ਕਹਿੰਦੀ, ਕੀ ਸਮਝਾਉਂਦੀ ... ਤੇ ਹੁਣ ਆਲੋਕ ਸਹੀ ਸਲਾਮਤ ਸੀ ਤੇ ਸੁਨੀਤਿ ਦਾ ਵਚਨ ਵੀ ਨਿਭ ਗਿਆ ਸੀ...ਪਰ ਫੇਰ ਕੀ ਗੱਲ ਸੀ ਜੋ ਸੁਨੀਤਿ ਨੂੰ ਰੋਣ ਤੇ ਮਜ਼ਬੂਰ ਕਰ ਰਹੀ ਸੀ ? ਕੀ ਉਹਨੂੰ ਆਲੋਕ ਦੀ ਗਲ ਸੁਣ ਨਹੀਂ ਸੀ ਲੈਣੀ ਚਾਹੀਦੀ ? ਕੀ ਪਤਾ ਆਲੋਕ ਨੂੰ ਵੀ ਸੁਨੀਤਿ ਵਾਂਗ ਕੋਈ ਮਜਬੂਰੀ ਰਹੀ ਹੋਵੇ ? ਪਰ ਨਹੀਂ, ਸੁਨੀਤਿ ਕੁਝ ਨਹੀਂ ਸੀ ਸਮਝ ਪਾ ਰਹੀ, ਸੁਨੀਤਿ ਕੋਈ ਦਿਲਾਸਾ ਵੀ ਦਿਲ ਨੂੰ ਨਹੀਂ ਸੀ ਦੇ ਪਾ ਰਹੀ । ਚੰਗਾ ਤਾਂ ਹੋਇਆ ਸੀ ਕਿ ਉਹਦੀ ਪ੍ਰਾਰਥਨਾ ਯੇਸੂ ਨੇ ਕਬੂਲ ਕਰ ਲਈ ਸੀ ਪਰ ਫੇਰ ਸੁਨੀਤਿ ਰੋਈ ਜਾ ਰਹੀ ਸੀ ... ਰੋਈ ਜਾ ਰਹੀ ਸੀ ... ਪਤਾ ਨਹੀਂ ਕਿਉਂ ?

78—ਕੁਈਨਜ਼ ਰੋਡ, ਅੰਮ੍ਰਿਤਸਰ ।

O

# ਆਖਰੀ ਖ਼ਤ ਨਹੀਂ/ਰਾਜਿੰਦਰ ਕੌਰ

ਨਾਦਿਰ ਦਾ ਪਹਿਲਾ ਖ਼ਤ ਜਦੋਂ ਮੈਨੂੰ ਮਿਲਿਆ ਸੀ ਤਾਂ ਮੈਂ ਖੁਸ਼ੀ ਨਾਲ ਫੁੱਲੀ ਨਹੀਂ ਸਾਂ ਸਮਾਈ। ਖ਼ਤ ਉਰਦੂ ਵਿਚ ਸੀ। ਮੈਂ ਆਪਣੇ ਪਤੀ ਦੀ ਉਤਸੁਕਤਾ ਨਾਲ ਉਡੀਕ ਕਰਨ ਲਗੀ ਕਿ ਉਹ ਘਰ ਆਉਣ ਤੇ ਮੈਨੂੰ ਖ਼ਤ ਪੜ੍ਹ ਕੇ ਸੁਨਾਣ। ਮੇਰੇ ਲਈ ਤਾਂ ਉਰਦੂ ਕਾਲੇ ਅੱਖਰ ਬਰਾਬਰ ਸੀ। ਉਸ ਦਿਨ ਪਹਿਲੀ ਵਾਰ ਮੈਨੂੰ ਲੱਗਾ ਸੀ ਕਿ ਬਹੁਤ ਸਾਰੀਆਂ ਭਾਸ਼ਾਵਾਂ ਦਾ ਗਿਆਨ ਹੋਣਾ ਚਾਹੀਦਾ ਹੈ।

ਸ਼ਾਮ ਨੂੰ ਜਦੋਂ ਮੇਰੇ ਪਤੀ ਨੇ ਖ਼ਤ ਪੜ੍ਹ ਕੇ ਸੁਣਾਇਆ

ਤਾਂ ਮੇਰੀ ਖੁਸ਼ੀ ਤਾਂ ਦੁਗਣੀ ਸਵਾਈ ਹੋ ਗਈ। ਖ਼ਤ ਮੇਰੇ ਜਨਮ ਸਥਾਨ ਲਾਇਲਪੁਰ ਤੋਂ ਆਇਆ ਸੀ। ਨਾਦਿਰ ਨੇ ਪੰਜਾਬੀ ਵਿਚ ਮੇਰੀ ਕਹਾਣੀ ਪੜ੍ਹੀ ਸੀ। ਉਹਨੂੰ ਮੇਰੀ ਕਹਾਣੀ ਚੰਗੀ ਲਗੀ ਸੀ। ਉਸ ਉਹਦਾ ਉਰਦੂ ਵਿਚ ਅਨੁਵਾਦ ਕੀਤਾ ਸੀ ਤੇ ਉਥੋਂ ਦੇ ਕਿਸੇ ਪਰਚੇ ਵਿਚ ਛਪਣ ਲਈ ਭੇਜੀ ਸੀ। ਲਾਇਲਪੁਰ ਦੀ ਇਕ ਲੇਖਕ ਸਭਾ ਵਿਚ ਉਸ ਮੇਰੀ ਕਹਾਣੀ ਪੜ੍ਹਕੇ ਵੀ ਸੁਣਾਈ ਸੀ।

ਉਹ ਆਪ ਵੀ ਇਕ ਲੇਖਕ ਸੀ ਪੰਜਾਬੀ ਭਾਸ਼ਾ ਦੀਆਂ ਕਹਾਣੀਆਂ ਉਰਦੂ ਲਿਪੀ ਵਿਚ ਲਿਖਦਾ ਸੀ। ਉਹ ਪੰਜਾਬੀ ਲਿਪੀ ਸਿੱਖਣ ਦੀ ਕੋਸ਼ਿਸ਼ ਕਰ ਰਿਹਾ ਸੀ।

ਮੈਂ ਖੁਸ਼ੀ ਅਤੇ ਉਤਸ਼ਾਹ ਨਾਲ ਉਸੇ ਰਾਤ ਉਹਨੂੰ ਖ਼ਤ ਦਾ ਜੁਆਬ ਲਿਖਣ ਬੈਠ ਗਈ ਸਾਂ। ਮੈਨੂੰ ਆਪਣੀ ਕਹਾਣੀ ਦੀ ਪ੍ਰਸੰਸਾਂ ਦੀ ਖੁਸ਼ੀ ਇਕ ਦੂਜੇ ਦੇਸ਼ ਦੇ ਲੇਖਕ ਦੀ ਕਲਮ ਤੋਂ ਪੜ੍ਹਕੇ ਤਾਂ ਹੋਈ ਹੀ ਸੀ ਪਰ ਮੈਨੂੰ ਇਸ ਗੱਲ ਦੀ ਖੁਸ਼ੀ ਜਿਆਦਾ ਸੀ ਕਿ ਉਹ ਚਿੱਠੀ ਲਾਇਲਪੁਰ ਤੋਂ ਆਈ ਸੀ।

ਮੈਨੂੰ ਲਾਇਲਪੁਰ ਦੀਆਂ ਕਈ ਧੁੰਧਲੀਆਂ ਯਾਦਾਂ ਨੇ ਆ ਘੇਰਿਆ ਸੀ। ਲਾਇਲਪੁਰ ਦਾ ਘੰਟਾ ਘਰ, ਜੋ ਸਾਰੇ ਸ਼ਹਿਰ ਦੇ ਵਿਚਕਾਰ ਸੀ। ਕਿਸੇ ਬਾਜ਼ਾਰ ਵਿਚ ਵੀ ਜਾਉ ਵਿਚਕਾਰ ਘੰਟਾ ਘਰ। ਲਾਇਲਪੁਰ ਦਾ ਗੋਲ ਬਾਜ਼ਾਰ ਜਿਥੇ ਸਾਡੀਆਂ ਦੁਕਾਨਾਂ ਸਨ। ਭਾਰਤ ਬੈਂਕ ਦੀ ਗਲੀ ਵਿਚ ਆਪਣਾ ਮਕਾਨ, ਜਿਥੇ ਮੈਂ ਹੋਸ਼ ਸੰਭਾਲੀ ਸੀ। ਸਹੇਲੀਆਂ ਨਾਲ ਗੁੱਡੀਆਂ ਪਟੋਲੇ ਖੇਡੇ ਸਾਂ। ਗੁਰਦਵਾਰੇ ਦੇ ਨਾਲ ਆਪਣਾ ਪ੍ਰਾਇਮਰੀ ਸਕੂਲ ਜਿਥੇ ਮੈਂ ਫੱਟੀ ਬਸਤਾ ਲੈ ਕੇ ਪੜ੍ਹਨ ਜਾਂਦੀ ਸਾਂ। ਅਤੇ ਪਿਤਾ ਜੀ ਦੀ ਹਦਾਇਤ ਅਨੁਸਾਰ ਪਹਿਲਾਂ ਗੁਰਦਵਾਰੇ ਮੱਥਾ ਟੇਕਦੀ ਸਾਂ। ਬੁੱਢੀ ਮਾਈ ਦਾ ਗੁਰਦਵਾਰਾ ਵੀ ਯਾਦ ਸੀ ਜਿਥੇ ਬਸੰਤ ਦਾ ਮੇਲਾ ਲਗਦਾ ਸੀ। ਮੇਲੇ ਤੇ ਮੈਂ ਮਲਮਲ ਦੀ ਪੀਲੀ ਚੁੰਨੀ ਬਾਰੀਕ ਵੱਟਾਂ ਵਾਲੀ ਲੈ ਕੇ ਜਾਂਦੀ ਸਾਂ।

ਖ਼ਤ ਵਿਚ ਮੈਂ ਨਾਦਿਰ ਨੂੰ ਲਾਇਲਪੁਰ ਬਾਰੇ ਪੁੱਛ ਘਲਿਆ ਸੀ।

ਕੁਝ ਹੀ ਦਿਨਾਂ ਵਿਚ ਉਹਦਾ ਖ਼ਤ ਆ ਗਿਆ ਸੀ। ਉਹ ਵੀ ਮੇਰੇ ਵਾਂਗ ਅਧਿਆਪਕ ਸੀ। ਉਹਦੀ ਬੇਗਮ ਅਤੇ ਬੱਚਿਆਂ ਵਲੋਂ ਉਸ ਮੈਨੂੰ ਯਾਦ ਭੇਜੀ ਸੀ।

ਉਸ ਮੈਨੂੰ ਲਾਇਲਪੁਰ ਦੇ ਮੇਰੇ ਘਰ ਦਾ ਨੰਬਰ ਪੁੱਛ ਘਲਿਆ ਸੀ। ਮੈਂ ਉਹਨੂੰ ਖ਼ਤ ਪੰਜਾਬੀ ਵਿਚ ਹੀ ਲਿਖਦੀ ਸਾਂ ਹੁਣ ਉਹਦੇ ਖ਼ਤ ਵੀ ਪੰਜਾਬੀ ਵਿਚ ਹੀ ਹੁੰਦੇ। ਉਹ ਖ਼ਤ ਲਿਖਣ ਤੇ ਪਤਾ ਨਹੀਂ ਕਿੰਨਾ ਵਕਤ ਲਗਦਾ ਹੋਵੇਗਾ। ਪਰ ਮੈਨੂੰ ਉਹਦਾ ਖ਼ਤ ਪੜ੍ਹਨ ਤੇ ਕਾਫ਼ੀ ਵਕਤ ਲਗਦਾ। ਇਕ ਇਕ ਅੱਖਰ ਦਾ ਮਤਲਬ ਸਮਝਣਾ ਪੈਂਦਾ।

ਮੈਂ ਆਪਣੇ ਬੱਚਿਆਂ ਅਤੇ ਪਤੀ ਵਲੋਂ ਉਹਦੀ ਬੇਗਮ ਅਤੇ ਬੱਚਿਆਂ ਨੂੰ ਯਾਦ ਭੇਜਦੀ। ਆਪਣੀਆਂ ਕਈਆਂ ਲਿਖੀਆਂ ਕਹਾਣੀਆਂ ਬਾਰੇ ਲਿਖਦੀ। ਉਹ ਆਪਣੀਆਂ ਲਿਖਤਾਂ ਬਾਰੇ ਵੇਰਵੇ ਨਾਲ ਲਿਖਦਾ। ਉਸ ਮੈਨੂੰ ਆਪਣੀਆਂ ਨਵੀਆਂ ਲਿਖੀਆਂ ਕੁਝ ਕਵਿਤਾਵਾਂ ਵੀ ਭੇਜੀਆਂ। ਉਹਦੀਆਂ ਕਵਿਤਾਵਾਂ ਪੜ੍ਹਕੇ ਮੈਨੂੰ ਲੱਗਦਾ ਕਿ ਸਾਰੇ ਦੇਸ਼ਾਂ ਦੇ ਲੇਖਕ ਇਕੋ ਜਹੇ ਸੰਵੇਦਨਸ਼ੀਲ ਹਨ। ਉਹ ਲਾਇਲਪੁਰ ਵਿਚ ਮੇਰਾ ਮਕਾਨ ਵੇਖ ਆਇਆ ਸੀ। ਉਸ ਇਹ ਵੀ ਲਿਖਿਆ ਸੀ ਕਿ ਉਸ ਮਕਾਨ ਵਿਚ ਹੁਣ ਕੌਣ ਰਹਿੰਦਾ ਹੈ। ਪਤਾ ਨਹੀਂ ਉਸ ਉਹ ਘਰ ਕਿੰਜ ਲਭਿਆ ਹੋਵੇਗਾ! ਹੁਣ ਤਕ ਤਾਂ ਉਸ ਘਰ ਦਾ ਨੰਬਰ ਵਗੈਰਾ ਸਭ ਬਦਲ ਗਏ ਹੋਣਗੇ!

ਉਹ ਸਾਨੂੰ ਕਿਸੇ ਗੁਰਪੁਰਬ ਤੇ ਕਿਸੇ ਜੱਥੇ ਨਾਲ ਆਪਣੇ ਦੇਸ਼ ਆਉਣ ਦਾ ਸੱਦਾ ਦਿੱਤਾ ਸੀ। ਮੈਨੂੰ ਪਤਾ ਲਗਾ ਸੀ ਕਿ ਜੱਥੇ ਨਾਲ ਮੈਂ ਸਿਰਫ ਧਾਰਮਿਕ ਸਥਾਨਾਂ ਤੇ ਹੀ ਜਾ ਸਕਦੀ ਸਾਂ। ਲਾਇਲਪੁਰ ਨਹੀਂ ਜਾ ਸਕਦੀ ਸਾਂ। ਮੇਰਾ ਦਿਲ ਬੁਝ ਗਿਆ ਸੀ। ਮੈਂ ਆਪਣਾ ਸ਼ਹਿਰ ਵੀ ਨਹੀਂ ਸਾਂ ਵੇਖ ਸਕਦੀ। ਇਹ ਕਿਹੋ ਜਿਹੀ ਬੇਬਸੀ ਸੀ। ਮੈਂ ਸੁਪਨਾ ਲੈਂਦੀ ਕਦੋਂ ਸਾਰਾ ਸੰਸਾਰ ਇਕੋ ਦੇਸ਼ ਬਣ ਜਾਵੇਗਾ। ਦੇਸ਼ਾਂ ਦੀਆਂ ਹਦਬੰਦੀਆਂ ਮਿਟ ਜਾਣਗੀਆਂ। ਮਨੁੱਖ ਦੀਆਂ ਮਨੁੱਖ ਦੇ ਰਾਹ ਵਿਚ ਪਾਈਆਂ

ਮੈਂ ਆਪਣੇ ਸਕੂਲ, ਆਪਣੇ ਆਂਢ ਗੁਆਂਢ, ਆਪਣੇ ਬੱਚਿਆਂ, ਆਪਣੇ ਪਤੀ ਨਾਲ ਹੁੰਦੀਆਂ ਛੋਟੀਆਂ ਛੋਟੀਆਂ ਘਟਨਾਵਾਂ ਬਾਰੇ ਲਿਖਦੀ ਹਾਂ। ਮੈਂ ਕਿਸੇ ਆਦਰਸ਼ ਨੂੰ ਲੈ ਕੇ ਨਹੀਂ ਲਿਖਦੀ। ਮੈਂ ਜ਼ਿੰਦਗੀ ਵਿਚ ਕੋਈ ਭੇੜ ਨਹੀਂ ਵੇਖਦੀ। ਮੈਂ ਲੋਕਾਂ ਦੀਆਂ ਮਜ਼ਬੂਰੀਆਂ, ਸਮਝੌਤੇ, ਜ਼ਿੰਦਗੀ ਦੇ ਨਾਲ ਟੁੱਟਦੇ ਆਦਮੀ ਦਾ ਦਰਦ ਲੱਭਣ ਦੀ ਕੋਸ਼ਿਸ਼ ਕਰਦੀ ਹਾਂ। ਮੈਂ ਕਹਾਣੀ ਦੀ ਵਿਧਾ ਨੂੰ ਬਹੁਤਾ ਭਾਰੀ ਨਹੀਂ ਬਣਾ ਪਾਂਦੀ।

ਰੁਕਾਵਟਾਂ ਦੂਰ ਹੋ ਜਾਣਗੀਆਂ। ਪਰ ਇਹ ਸੁਪਨਾ ਮੈਨੂੰ ਸਾਕਾਰ ਹੁੰਦਾ ਨਜ਼ਰ ਨ ਆਉਂਦਾ। ਤੇ ਮੈਂ ਉਦਾਸ ਹੋ ਜਾਂਦੀ। ਕਿਸੇ ਵੀ ਜੱਥੇ ਨਾਲ ਜਾਣਦਾ ਸਾਡਾ ਪ੍ਰੋਗਰਾਮ ਨ ਬਣ ਸਕਿਆ।

ਪਿਛਲੇ ਸਾਲ ਇਹਨਾਂ ਦਿਨਾਂ ਦੀ ਹੀ ਗੱਲ ਹੈ। ਨਾਦਿਰ ਦਾ ਆਖਰੀ ਖ਼ਤ ਆਇਆ ਸੀ। ਉਹ ਭਾਰਤ ਆ ਰਿਹਾ ਸੀ। ਉਹਦਾ ਪਾਸਪੋਰਟ ਬਣ ਗਿਆ ਸੀ। ਮੈਨੂੰ ਬੜਾ ਚਾਅ ਚੜ੍ਹਿਆ ਸੀ। ਅਸੀਂ ਉਹਦੀ ਆਵਭਗਤ ਦੀਆਂ ਤਿਆਰੀਆਂ ਵਿਚ ਰੁਝ ਗਏ ਸਾਂ।

ਉਹਦੇ ਬਾਦ ਬੜੀ ਜਲਦੀ ਜਲਦੀ ਇਤਿਹਾਸ ਨੇ ਕਈ ਕਰਵਟਾਂ ਬਦਲੀਆਂ ਸਨ। ਇਤਿਹਾਸ ਦੇ ਕਈ ਪੰਨੇ ਲਾਲ ਅੱਖਰਾਂ ਨਾਲ ਲਿਖੇ ਗਏ ਸਨ।

ਸ਼ੇਖ ਮੁਜੀਬ ਲਾਇਲਪੁਰ ਵਿਚ ਹੀ ਕੈਦ ਸੀ। ਉਸ ਸ਼ਹਿਰ ਬਾਰੇ ਜਿਹੜੀ ਭਾਵੁਕ ਨਿੱਘ ਅਤੇ ਕੋਮਲਤਾ ਮੇਰੇ ਮਨ ਵਿਚ ਸੀ ਉਹ ਮਧਮ ਪੈ ਗਈ ਸੀ। ਪਰ ਫਿਰ ਮੈਂ ਸੋਚਦੀ ਇਸ ਵਿਚ ਉਸ ਸ਼ਹਿਰ ਜਾਂ ਸ਼ਹਿਰ ਦੇ ਲੋਕਾਂ ਦਾ ਕੀ ਦੋਸ਼।

ਬੰਗਲਾ ਦੇਸ਼ ਆਜ਼ਾਦ ਹੋ ਗਿਆ ਹੈ। ਸ਼ੇਖ ਮੁਜੀਬ ਆਪਣੇ ਲੋਕਾਂ ਵਿਚ ਵਾਪਿਸ ਚਲਾ ਗਿਆ ਹੈ। ਜਦੋਂ ਪਾਕਿਸਤਾਨ ਨਾਲ ਸਾਡੀ ਲੜਾਈ ਚਲ ਰਹੀ ਸੀ ਤਾਂ ਅਖਬਾਰ ਵਿਚ ਪੜ੍ਹਿਆ ਸੀ ਕਿ ਸਾਡੇ ਜਹਾਜ਼ ਲਾਇਲਪੁਰ ਤਕ ਗਏ ਹਨ। ਤਾਂ ਮੈਂ ਨਾਦਿਰ ਅਤੇ ਉਹਦੇ ਪਰਿਵਾਰ ਦੀ ਸੁੱਖ ਮੰਗੀ ਸੀ। ਪਰ ਮੈਂ ਆਪਣੇ ਜਵਾਨਾਂ ਨੂੰ ਵੀ ਜਾਣਦੀ ਸਾਂ। ਉਹ ਨਿਹੱਥੇ ਲੋਕਾਂ ਤੇ ਹਥਿਆਰ ਨਹੀਂ ਸਨ ਸੁਟਦੇ।

ਬੰਗਲਾ ਦੇਸ਼ ਦੇ ਲੋਕਾਂ ਤੇ ਪਾਕਿਸਤਾਨੀ ਫੌਜੀਆਂ ਰਾਹੀਂ ਢਾਹੇ ਜ਼ੁਲਮਾਂ ਬਾਰੇ ਪੜ੍ਹ ਪੜ੍ਹਕੇ ਰੌਂਗਟੇ ਖੜੇ ਹੋ ਜਾਂਦੇ ਹਨ। ਲਾਸ਼ਾਂ ਦੇ ਢੇਰ, ਕਿਧਰੇ ਹਜ਼ਾਰ, ਕਿਤੇ ਪੰਜ ਸੌ, ਕਿਤੇ ਛਾਤੀਆਂ ਕਟੀਆਂ ਔਰਤਾਂ ਦੇ ਧੜ, ਬੇਪੱਤ ਹੋਈਆਂ ਕੁੜੀਆਂ ... ...। ਇਹਨਾਂ ਖਬਰਾਂ ਤੇ ਇਤਬਾਰ ਨਹੀਂ ਆਉਂਦਾ। ਇਹਨਾਂ ਫੌਜੀਆਂ ਦਾ ਜਾਨਵਰਾਂ ਨਾਲ ਮੁਕਾਬਲਾ ਕਰਨਾ, ਜਾਨਵਰਾਂ ਦੀ ਤੌਹੀਨ ਕਰਨਾ ਲਗਦਾ ਹੈ।

ਸੋਚਦੀ ਹਾਂ ਕੀ ਨਾਦਿਰ ਇਹ ਸਭ ਜਾਣਦਾ ਹੋਵੇਗਾ? ਉਹਨਾਂ ਦੀਆਂ ਅਖਬਾਰਾਂ ਵਿਚ ਇਹ ਸਭ ਛਪਦਾ ਹੋਵੇਗਾ।

ਲੜਾਈ ਦੇ ਦਿਨਾਂ ਵਿਚ ਪਾਕਿਸਤਾਨ ਰੇਡੀਉ ਤੋਂ ਸਾਡੇ ਖਿਲਾਫ ਜੋ ਊਲ ਜਲੂਲ ਭਾਸ਼ਾ ਵਿਚ ਨਫਰਤ ਉਗਲੀ ਗਈ ਸੀ ਕੀ ਉਹਦਾ ਅਸਰ ਨਾਦਿਰ ਤੇ ਵੀ ਹੋਇਆ ਹੋਵੇਗਾ?

ਸੋਚਦੀ ਹਾਂ ਕੀ ਨਾਦਿਰ ਹੁਣ ਕਦੀ ਖ਼ਤ ਪਾਵੇਗਾ? ਕੀ ਹੁਣ ਕਦੀ ਉਹ ਮੈਨੂੰ ਆਪਣੇ ਦੇਸ਼ ਬੁਲਾਏਗਾ ਜਾਂ ਕਦੀ ਸਾਡੇ ਦੇਸ਼ ਵਿਚ ਆਵੇਗਾ?

ਮੇਰੀ ਸਹੇਲੀ ਦਾ ਖ਼ਤ ਇੰਗਲੈਂਡ ਤੋਂ ਆਇਆ ਹੈ। ਉਹ ਲਿਖਦੀ ਹੈ — "ਮੈਂ ਟੀ. ਵੀ. ਤੇ ਇਹਨਾਂ ਦਿਨਾਂ ਵਿਚ ਆਪਣੇ ਦੇਸ਼ ਦੇ ਜਵਾਨਾਂ ਦੇ ਕਾਰਨਾਮੇ ਵੇਖੇ ਨੇ। ਉਹਨਾਂ ਨੇ ਜੋ ਉੱਚਾ ਆਦਰਸ਼ ਵਿਖਾਇਆ ਹੈ ਉਸ ਕਰਕੇ ਅਸੀਂ ਭਾਰਤੀ ਬੜੇ ਗਰਵ ਨਾਲ ਸਿਰ ਉੱਚਾ ਕਰਕੇ ਚਲਦੇ ਹਾਂ। ਮੇਰੀ ਗਵਾਂਢਣ ਪਾਕਿਸਤਾਨ ਤੋਂ ਹੈ। ਉਸ ਵੀ ਟੀ. ਵੀ. ਤੇ ਬੰਗਲਾ ਦੇਸ਼ ਦੇ ਲੋਕਾਂ ਤੇ ਪਾਕਿਸਤਾਨੀ ਫੌਜਾਂ ਰਾਹੀਂ ਹੁੰਦੇ ਅਤਿਆਚਾਰਾਂ ਨੂੰ ਵੇਖਿਆ ਹੈ। ਵਿਚਾਰੀ ਬੜੀ ਦੁਖੀ ਹੁੰਦੀ ਹੈ। ਆਪਣੇ ਦੇਸ਼ ਦੇ ਨੇਤਾ ਅਤੇ ਸਿਪਾਹੀਆਂ ਤੋਂ ਬੜੀ ਸ਼ਰਮਿੰਦਗੀ ਮਹਿਸੂਸ ਕਰਦੀ ਹੈ।

ਇਹ ਖ਼ਤ ਪੜ੍ਹਕੇ ਮੈਨੂੰ ਲਗਦਾ ਹੈ ਕਿ ਉਹ ਖ਼ਤ ਨਾਦਿਰ ਦਾ ਆਖਰੀ ਖਤ ਨਹੀਂ ਸੀ। ਉਹਦਾ ਖ਼ਤ ਜ਼ਰੂਰ ਕਦੀ ਨ ਕਦੀ ਆਵੇਗਾ।

ਐਚ–335—ਡੀ.ਡੀ.ਏ. ਫਲੈਟ
ਨਰੈਣਾ—ਨਵੀਂ ਦਿੱਲੀ-28

O

## ਮਰਿਆ ਨਹੀਂ ਜਾਂਦਾ/ਸੁਖਵੰਤ ਕੌਰ ਮਾਨ

ਅੱਜ ਉਹਦਾ ਪਹਿਲਾ ਤਿਹਾਰ ਏ। ਪੂਰੇ ਦੋ ਮਹੀਨੇ ਹੋ ਗਏ ਨੇ ਉਹਨੂੰ ਮੋਏ ਨੂੰ ... ... ਦਿਨ ਤੇ ਲੰਘਦੇ ਈ ਜਾਣੇ ਨੇ, ਫਿਰ ਮਹੀਨੇ, ਫਿਰ ਵਰ੍ਹੇ, ਪਰ ਬੰਦਾ ਨਹੀਂ ਪਰਤਦਾ ... ... ਪਰੌਂ ਅੱਜ ਦੇ ਦਿਨ ਉਹ ਕਿੰਨਾ ਖ਼ੁਸ਼ ਸੀ ... ਕਿੰਨੇ ਚਾਵਾਂ ਤੇ ਮਲ੍ਹਾਰਾਂ ਨਾਲ ਉਹਨੇ ਆਪਣੇ ਪਲੇਠੀ ਦੇ ਪੁੱਤਰ ਦੀ ਲੋਹੜੀ ਮਨਾਈ ਸੀ ... ਵਹੁਟੀ ਦਾ ਵੀ ਕਿਤੇ ਰੂਪ ਨਹੀਂ ਸੀ ਝੱਲਿਆ ਜਾਂਦਾ, ਗੋਟੇ ਕਿਨਾਰੀ ਵਾਲਾ ਗੁਲਾ-ਨਾਰੀ ਸੂਟ ਪਾਈ ਨੱਚ ਨੱਚ ਉਹਨੇ ਵਿਹੜਾ ਪੁੱਟ ਦਿੱਤਾ ਸੀ ਤੇ ਕੋਲ ਖਲੋਤਾ ਰੁਪਈਏ ਵਾਰ ਕੰਮੀਆਂ ਕਮੀਨਾਂ ਉਹ ਦੇਈ ਜਾਂਦਾ ਸੀ ... ਵਡੀਆਂ ਭਰਜਾਈਆਂ ਦੀਆਂ ਮਸ਼ਕਰੀਆਂ ਤੇ ਮਿੰਨ੍ਹਾ ਮਿੰਨ੍ਹਾ ਉਹ ਹਸੀ ਜਾਂਦਾ ਸੀ ... ਸ਼ਰਾਬ ਵੀ ਤਾਂ

ਹੜ੍ਹ ਵਾਂਗ ਵਗਾਈ ਸੀ ਉਹਨੇ ... ਮੁੰਡਿਆਂ ਦੀ ਇੱਕ ਢਾਣੀ ਨੱਚਦੀ ਗਾਉਂਦੀ ਆਉਂਦੀ ਦਸ ਲੈ ਜਾਂਦੀ ਤੇ ਦੂਜੀ ਆ ਵੜਦੀ ... ।

ਚੰਗਾ ਭਲਾ ਹੱਸਦਾ ਖੇਡਦਾ ਘਰੋਂ ਨਿਕਲਿਆ ਤੇ ਸ਼ਾਮ ਨੂੰ ਚਾਰ ਵਜੇ ਤੋਂ ਪਹਿਲਾਂ ਲਾਸ਼ ਵੀ ਘਰ ਆ ਗਈ ਭੱਤੀ ਹੋਣੀ ਜਿਵੇਂ - ਸੜਕਾਂ ਤੇ ਈ ਪਈ ਉਡੀਕਦੀ ਸੀ। ਸ਼ੇਰ ਵਰਗਾ ਜੁਆਨ ਥੰਮ੍ਹ ਦਾ ਥੰਮ੍ਹ, ਗਜ਼ ਚੌੜੀ ਛਾਤੀ ... ਖੌਰੇ ਇਹੋ ਜਿਹਾ ਬੰਦਾ ਮਰ ਕਿਵੇਂ ਸਕਦਾ ਏ ?

ਅੱਜ ਵੀ ਲੋਹੜੀ ਏ, ਭਾਗਾਂ ਭਰੀ ਨਹੀਂ ਕਰਮਾਂ ਸੜੀ ... ਕਿਸੇ ਪੁੱਛ ਨਹੀਂ ਨਾਂ ਡਿੱਠਾ ਉਸ ਕਰਮਾਂ ਮਾਰੀ ਨੂੰ, ਕਿਵੇਂ ਹਾਊਂ ਬਲ ਬਲ ਉਹਦੇ ਅੰਦਰੋਂ ਪਈਆਂ ਨਿਕਲ-ਦੀਆਂ ਨੇ ... ਗੱਲ ਗੱਲ ਨਾਲ ਡਾਂਗ ਜਿੱਡਾ ਲੰਮਾਂ ਹੌਕਾ ਭਰਦੀ ਧੁਰ ਅੰਦਰ ਤਕ ਕੰਬ ਜਾਂਦੀ ਏ ... ।

ਦੂਰੋਂ ਕੁਝ ਜਨਾਨੀਆਂ ਦੇ ਰੋਣ ਪਿੱਟਣ ਦੀ ਅਵਾਜ਼ ਪਈ ਆਉਂਦੀ ਏ, ਕੋਈ ਮੁਕਾਣ ਏਂ। ਦੁਹੱਥੜੀਂ ਪਿੱਟਦੀਆਂ ਉਹ ਹੁਣ ਵਿਹੜੇ ਵੜ ਆਈਆਂ ਨੇ, ਕਦੀ ਪੱਟ, ਕਦੀ ਛਾਤੀਆਂ ਤੇ ਕਦੀ ਗਲ੍ਹਾਂ ਪਿੱਟਦੀਆਂ ਉਹ ਹਾਲੋਂ ਬੇਹਾਲ ਹੋ ਰਹੀਆਂ ਨੇ ... ਵਿਹੜੇ 'ਚ ਖੇਡਦੇ ਇੰਞਾਣੇ ਵੀ ਠਠੰਬਰ ਕੇ ਖਲੋ ਗਏ ਨੇ ... ।

ਹੁਣੇ ਈ ਕੁਝ ਜ਼ਨਾਨੀਆਂ ਹੋਰ ਆਈਆਂ ਨੇ ਸ਼ਾਇਦ ਮਰਨ ਵਾਲੇ ਦੀਆਂ ਮਾਸੀਆਂ ਜਾਂ ਫੁੱਫੀਆਂ ਨੇ ... ਕਦੀ ਮਾਂ ਕਦੀ ਵਹੁਟੀ ਤੇ ਕਦੀ ਭੈਣ। ਦੋ ਗਲੀਂ ਲਗੀਆਂ ਲੰਮੇਂ ਲੰਮੇਂ ਵੈਣ ਪਾਉਂਦੀਆਂ ਉਹ ਝੱਲੀਆਂ ਨਹੀਂ ਜਾਂਦੀਆਂ ... ਕੋਲ ਬੈਠੀਆਂ ਦੀਆਂ ਅੱਖੀਆਂ ਚੋਂ ਵੀ ਬਰੂਲ ਬਰੂਲ ਅੱਥਰੂ ਪਏ ਕਿਰਦੇ ਨੇ ... ਕਿਸੇ ਨੂੰ ਆਪਣਾ ਭਰਾ ਯਾਦ ਆ ਗਿਆ ਏ ਤੇ ਕਿਸੇ ਨੂੰ ਪੁੱਤਰ ਤੇ ਕਿਸੇ ਨੂੰ ਕੋਈ ਹੋਰ ਨਿੱਗਦਾ ... ਹੱਥੀਂ ਫੜੇ ਰੁਮਾਲ ਭਿੱਜ ਗਏ ਨੇ, ਦੁੱਪਟਿਆਂ ਦੀਆਂ ਕੰਨੀਆਂ ਨੁੱਚੜ ਨੁੱਚੜ ਪਈਆਂ ਪੈਂਦੀਆਂ ਨੇ ... ।

ਵਹੁਟੀ ਰੋਂਦੀ ਰੋਂਦੀ ਦਾ ਦਿਲ ਘਟ ਗਿਆ ਏ, ਦਾੜ ਕਰਦੀ ਉਹ ਭੋਏਂ ਤੇ ਆ ਡਿੱਗੀ ਏ ... ਸਾਰੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਏ, ਕੋਈ ਤਲੀਆਂ ਝੱਸ ਰਹੀ ਏ, ਕੋਈ ਪਿੰਨੀਆਂ ਪਈ ਘੁੱਟਦੀ ਏ ਤੇ ਕੋਈ ਮੂੰਹ ਵਿਚ ਪਾਣੀ ਪਾ ਰਹੀ ਏ ... ।

"ਏਸ ਵਿਚਾਰੀ ਵੀ ਕੀ ਡਿੱਠਾ ਏ। ਨਾਂ ਜੀਊਂਦੀਆਂ 'ਚ ਨਾਂ ਮੋਈਆਂ 'ਚ ... ।"

"ਆਪ ਉਂਝ ਜੁੱਗੋਂ ਜਾਨੂੰ ਵਾਂਝਿਆਂ ਗਿਆ, ਇਹ ਉਂਝ ਜੀਊਂਦੇ ਜੀਅ ਰਿਖਾ ਚ ਪੈ ਗਈ ... ।"

ਵਹੁਟੀ ਨੇ ਹੁਣ ਅੱਖੀਆਂ ਖੋਲ੍ਹ ਲਈਆਂ ਨੇ ਭੱਜਕੇ ਕਿਸੇ ਨੇ ਅੰਦਰੋਂ ਤਕੀਆ ਲੈ ਆਂਦਾ ਏ, ਢਾਸਣਾ ਲਾਕੇ ਉਹ ਬਹਿ ਗਈ ਏ।

"ਆਹ ਵੇਖਾਂ ਬੇਬਸ ਦਾ ਹੁਣ ਕੋਈ ਜੀਊਣ ਦਾ ਹੱਕ ਏ, ਨੂੰਹ ਦਾ ਮੇਲ ਵਖਰਾ ਵੇ, ਆਪਣੇ ਅੰਦਰ ਵੱਖਰੀ ਅੱਗ ਲੱਗੀ ਹੋਈ ਏ ... ਦੋ ਕੜੀ ਵਰਗੇ ਜੁਆਨ ਪੁੱਤਰ ਹੱਥੀਂ ਤੋਰ ਬਈਠੀ ਏ ... ਇਕ ਮਰਿਆ ਨਹੀਂ ਨਾ ਜਾਂਦਾ ... ।"

"ਰੱਬ ਇਹੋ ਜਿਹੀ ਤਾਂ ਬੀਬੀ ਕਿਸੇ ਨਾਲ ਨਾਂ ਕਰੇ, ਵੱਡਾ ਵੀ ਏਵੇਂ ਈ ਹੋ ਗਿਆ ਸੀ, ਨਾਂ ਮੰਜੇ ਤੇ ਪਿਆ ਨਾਂ ਸੇਵਾ ਕਰਵਾਈ ... ਬੱਸ ਘੜੀਆਂ ਪਲਾਂ 'ਚ ਈ ... ਹਾਲੀ ਤਾਂ ਅਗਲੇ ਫੱਟ ਈ ਨਹੀਂ ਸਨ ਮਿਲੇ...।"

"ਇਹਨਾਂ ਦੇ ਘਰ ਕੀ ਤਾਂ ਬੀਬੀ ਏ ਖੀਣੀਓਂ ਚੱਲ ਪਈ ਏ ... ।"

"ਭੈਣਾਂ ਅਜ ਕੱਲ ਕੋਈ ਮੌਤਾਂ ਨੇ, ਆਹ ਵੇਖਾਂ ਮੇਰੀ ਦਿਰਾਣੀ ਦਾ ਭਰਾ ਬੱਸ ਸੁੱਤੜਾ ਈ ਸੌਂ ਗਿਆ ਨਾਂ ਤਾਪ ਨਾਂ ਖੰਘ ... ।"

"ਜਿੱਦਨ ਦਾ ਜੀਤੇ ਦਾ ਭਾਈਆ ਮੰਜੀ ਤੇ ਪਿਆ ਏ ਮੇਰੀ ਤੇ ਆਪ ਜਾਨ ਮੁੱਠ ਚ ਆਈ ਹੋਈ ਏ ... ਵਾਹੀਂ ਵੱਗ ਰਹੀਂ ਆ ਪਈ ਪਰੇਸ਼ਨ ਕਰਵਾ ਲਏ ... ਹੱਛਾ ਮਰਜੀ ਓਹਦੀ ... ।"

"ਸਾਡੇ ਦਰਸ਼ੇ ਨੂੰ ਵੀ ਕਲ੍ਹ ਦੀ ਠੰਢ ਲੱਗੀ ਹੋਈ ਏ, ਛਾਤੀ ਰੁਕੀ ਪਈ ਏ, ਨੱਕੋਂ ਸਾਹ ਨਹੀਂ ਸੂ ਪਿਆ ਨਿਕਲਦਾ ... ।"

"ਬੀਬੀ, ਬੇਗੌਰੀ ਨਾਂ ਕਰੀਂ, ਠੰਡ ਲੱਗੀ ਡਾਢੀ ਮਾੜੀ,

ਰਾਤ ਨੂੰ ਕਦੀ ਯਾਰਾਂ ਬਾਰਾਂ ਵਜੇ ਤੱਕ ਕਾਗਜ਼ਾਂ 'ਤੇ ਸਿਰ ਝੁਕਾਈ ਕੁਝ ਲਿਖਦਿਆਂ ਵੇਖ ਜਦੋਂ ਪਿਤਾ ਜੀ ਕਹਿ ਦੇਣ, "ਬੀਬਾ, ਸਉਂ ਪਰ੍ਹਾਂ। ਕੀ ਸਿਰ ਖਪਾਈ ਪਈ ਕਰਨੀ ਏਂ।" ਤਾਂ ਡਾਢਾ ਗੁੱਸਾ ਚੜ੍ਹਦਾ ਹੈ ਤੇ ਉਸ ਵਕਤ ਤਾਂ ਇੰਝ ਜਾਪਦਾ ਹੈ ਜਿਵੇਂ ਧਰਤੀ ਅਸਮਾਨ ਮੈਂ ਹੀ ਥੰਮ੍ਹਿਆਂ ਹੋਇਆ ਹੋਵੇ ... ... ।

ਬਨਖਸ਼ਾ, ਮੁਨੱਕਾ ਤੇ ਮੁਲੱਠੀ ਦੇਹ ਸੂ ਕਾਹੜਕੇ, ਇਕ ਇਕੌਨ ਵੇ ਇਹ ਦੁਸ਼ਾਂਦਾ ... ।"

"ਸੁੱਕੀ ਠੰਡ ਪਈ ਪਈਂਦੀ ਏ ਭੈਣਾਂ, ਬੱਸ ਕਈਆਂ ਦਿਨਾਂ ਤੋਂ ਬਬਰਾਂ 'ਚ ਪੀੜ ਪਈ ਹੁੰਦੀ ਏ, ਅਗੋਂ ਸ਼ਹਿਰ ਵੀ ਕਿਹੜਾ ਨੇੜੇ ਵੇ, ਓਹੜ ਪੋਹੜ ਤਾਂ ਬਥੇਰੇ ਕੀਤੇ ਨੇ ... ਜਦੋਂ ਦਾ ਪਿਛਲੇ ਸਾਲ ਨਮੂਨੀਆਂ ਹੋਇਆ ਏ ... ਮਾੜੀ ਜਿਹੀ ਠੰਡ ਲੱਗੀ ਨਹੀਂ ਤੇ ਬੱਬਰਾਂ 'ਚ ਚੀਸ੍ਹਾਂ ਉੱਠੀਆਂ ਨਹੀਂ ... ।"

"ਮੈਨੂੰ ਤਾਂ ਬੀਬੀ ਰੱਬ ਬਹੁੜਿਆ ਏ, ਬੱਸ ਕਈਆਂ ਵਰ੍ਹਿਆਂ ਤੋਂ ਸੜ ਜਾਣੀਆਂ ਜੋੜਾਂ 'ਚ ਪੀੜਾਂ ਹੁੰਦੀਆਂ ਸਨ ਜੋੜ ਜੋੜ ਦੁਖਦਾ ਰਹਿੰਦਾ ਸੀ...ਅੰਗ ਅੰਗ ਟੁੱਟਦਾ ਰਹਿੰਦਾ ਸੀ.. ਦਵਾਈਆਂ ਕਰਵਾ ਕਰਵਾ ਹਾਰ ਗਈ ਸਾਂ...ਅਰਾਮ ਆਉਣਾ ਹੋਵੇ ਤਾਂ ਕੋਟਲੇ ਦੀ ਜਵਾਇਨ ਨਾਲ ਈ ਆ ਜਾਂਦਾ ਏ...ਮਈਨੂੰ ਤਾਂ ਦਵਾਈ ਦੱਸੀ ਆ ਸਾਡੀ ਰਾਜ ਦੇ ਮਲਿਆਹੁਰੇ ਨੇ...ਬੱਸ ਜੁਆਨੀ ਦਾ ਕੌੜ ਸੱਕ ਤੇ ਸ਼ਹਿਤ ਕੁੱਟ ਛਾਣਕੇ ਕੌੜ ਸੱਕ 'ਚ ਸ਼ਹਿਤ ਨੂੰ ਰੁਲਾ ਲਵੋ...ਬੀਬਿਆਂ ਤੁਸੀਂ ਮੰਨਣਾ ਨਹੀਂ ਰਾਤੀਂ ਦੁੱਧ ਨਾਲ ਗੋਲੀ ਲਈ ਤੇ ਦਿਨੇ ਨੌਂ ਬਰ ਨੌਂ.. ਮੈਂ ਤਾਂ ਕਈਆਂ ਨੂੰ ਵੰਡੀਆਂ ਨੇ ਇਹ ਗੋਲੀਆਂ...ਬੱਸ ਰਤਾ ਗਰਮ ਨੇ...।" ਇਹ ਮਰਨ ਵਾਲੇ ਦੀ ਮਾਂ ਏਂ।

"ਹਾਇਆ ,ਪੀੜਾਂ ਤੇ ਸੜ ਜਾਣੀਆਂ ਮਈਨੂੰ ਵੀ ਹੁੰਦੀਆਂ ਈ ਰਹਿੰਦੀਆਂ ਨੇ...।"

"ਲੈ ਖਾਂ ਤੂੰ ਦੱਸਿਆ ਕਿਉਂ ਨਾਂ ਮਈਨੂੰ, ਘਰ ਵਾਲੀ ਗੱਲ ਏ, ਲੈ ਜਾਈਂ ਚਾਰ ਗੋਲੀਆਂ ਤੂੰ ਵੀ...।"

ਬੜੀ ਨੇੜੀਓਂ ਦੋ ਜਹਾਜ਼ ਅਸਮਾਨ ਚੋਂ, ਲੰਘੇ ਨੇ, ਸਭ ਦਾ ਧਿਆਨ ਓਧਰੇ ਹੋ ਗਿਆ ਏ ਨੇੜੇ ਖੇਡਦਾ ਬਾਲ ਸਹਿਮ ਕੇ ਆਪਣੀ ਮਾਂ ਦੀ ਗੋਦ 'ਚ ਆ ਲੁੱਕਿਆ ਏ...ਇਹ ਮਰਨ ਵਾਲੇ ਦਾ ਮੁੰਡਾ ਏ।

"ਛੇਤੀ ਛੇਤੀ ਵੱਡਾ ਹੋ ਹੁਣ..." ਕੋਲ ਬੈਠੀ ਜਨਾਨੀ ਮੁੰਡੇ ਦੇ ਸਿਰ ਤੇ ਹੱਥ ਫੇਰਦੀ ਏ।

"ਹਾਹੋ ਜੀ ਹੁਣ ਇਹਦੀਆਂ ਵਿਚਾਰੀ ਦੀਆਂ ਆਸਾਂ ਵੀ ਇਹਦੇ ਤੇ ਈ ਨੇ ਮਾਂ...।

"ਮਾਂ ਦੀ ਗੋਦੀ 'ਚ ਬੈਠਾ ਬੱਚਾ ਹੁਣ ਹੱਸ ਰਿਹਾ ਏ, ਬੱਚੇ ਨੂੰ ਹੱਸਦਿਆਂ ਵੇਖ ਮਾਂ ਦੇ ਮੂੰਹ 'ਤੇ ਵੀ ਮੁਸਕਣੀ ਆ ਜਾਂਦੀ ਏ

ਹੁਣੇ ਦੋ ਹੋਰ ਜਹਾਜ਼ ਓਦੋਂ ਵੀ ਨੇੜਿਓਂ ਹੋ ਕੇ ਲੰਘੇ ਨੇ।

"ਇਹ ਸੜ ਜਾਣੇ ਹਾਲੀ ਵੀ ਨਹੀਂ ਖਲੋਂਦੇ...।"

"ਹਾਹੋ ਭੈਣ! ਜਿਨ੍ਹਾਂ ਦੇ ਘਰ ਉੱਜੜ ਗਏ ਨੇ ਜਾਣਦੇ ਤੇ ਓਹੀ ਓ ਨੇ...ਆਹ ਵੇਖਾਂ ਸਾਡੀ ਵਹੁਟੀ ਦਾ ਭਟੂਜਾ...ਬੱਸ ਪਹਿਲੇ ਹੱਲੇ ਈ ਮਾਰਿਆ ਗਿਆ...ਲੈਸਨੈਕ ਸੀ...ਵੇਖਿਆਂ ਭੁੱਖ ਲਹਿੰਦੀ ਸੀ...ਸਗਵਾਂ ਆਪਣੇ ਕਾਕੇ ਵਰਗਾ ਤੇ ਚੰਗਾ ਵੀ ਡਾਢਾ ਈ..."

"ਹਾਹੋ ਭੈਣ! ਓਥੇ ਵੀ ਚੰਗਿਆਂ ਦੀ ਓ ਲੋੜ ਏ...ਆਪਣੇ ਦਿਲਬੀਰ ਜਿਹਾ ਕੌਣ ਸੀ...ਕੋਈ ਦੁਨੀਆਂ ਢੁੱਕੀ ਸੀ ਓਦਨ...।"

"ਭੈਣ! ਚੰਗਿਆਂ ਨੂੰ ਵੀ ਵੱਟੇ ਨੇ...।"

"ਇਸ ਲੜਾਈ ਸੜ ਜਾਣੀ ਨੇ ਤਾਂ ਘਰਾਂ ਦੇ ਘਰ ਉਜਾੜ ਦਿੱਤੇ ਨੇ...ਆਹ ਵੇਖੋ, ਮਾਈ ਕਰਮ ਕੌਰ ਪੋਤਰਾ ਵੀ...ਇਹ ਪਲੇਠੀ ਦਾ ਸੀ ਤੇ ਕੋਈ ਵੀਹਾਂ ਵਰ੍ਹਿਆਂ ਮਗਰੋਂ ਦੂਜੇ ਦਾ ਮੂੰਹ ਵੇਖਿਆ ਸਾਨੇ ਪਰ ਜਿੰਨੇ 'ਚ ਰੱਬ ਰੱਖੇ ਨਿੱਕਾ ਉਦਨ ਵੀਹਾਂ ਦਿਨਾਂ ਦਾ ਸੀ...ਮਾਂ ਵਿਚਾਰੀ ਨੇ ਸੂਤਕ 'ਚ ਈ ਰੋ ਰੋ ਕੇ ਅੱਖੀਆਂ ਅੰਨ੍ਹੀਆਂ ਕਰ ਲਈਆਂ ਨੇ...।"

"ਤੁਸਾਂ ਨਹੀਂ ਸੁਣਿਆ ਅਈਥੇ ਨੇੜੇ ਈ ਇਕ ਪਿੰਡ ਕੱਠੀਆਂ ਚਾਰ ਤਾਰਾਂ ਆਈਆਂ ਨੇ ਇਕਸੇ ਘਰ...ਅੱਠ ਪੁੱਤਰ ਸਨ ਜੱਟ ਦੇ...ਜਮੀਨ ਘੱਟ ਸੀ ਛੇ ਨੌਕਰ ਕਰਾ ਦਿਤੇ ਤੇ ਹੁਣ ਚਹੁੰ ਦੀ ਸੁਨਾਉਣੀ ਆ ਗਈ ਏ...ਇਹੋ ਜਿਹੀ ਤੇ ਭੈਣਾਂ ਰੱਬ ਕਿਸੇ ਦੁਸ਼ਮਣ ਨਾਲ ਵੀ ਨਾਂ ਕਰੇ...।"

"ਸਾਡੀ ਜੀਤੋ ਦਾ ਦਿਓਰ ਦੱਸਦਾ ਏ ਪਈ ਅਸੀਂ ਚਾਰ ਦਿਨ ਭੁੱਖਣ ਭਾਣੇ ਟੈਂਕਾਂ 'ਚ ਛੁਪੇ ਰਹੇ ਸਿਰ ਕੱਢਿਆਂ ਨਹੀਂ ਤੇ ਉੱਡੇ ਨਹੀਂ.. ਬੱਸ ਚਾਰੇ ਬੰਨ੍ਹੇ ਲਾਸ਼ਾਂ ਈ ਲਾਸ਼ਾਂ।"

"ਸਾਡੇ ਪਿੰਡ ਦੇ ਇਕ ਮੁੰਡੇ ਦੇ ਫੁੱਲ ਦੇ ਗਏ ਨੇ ਹਾਲੀ ਪਰੋਂ ਈ ਵਿਆਹ ਹੋਇਆ ਸੀ, ਫੋਹੇ ਜਿੰਨੀ ਵਹੁਟੀ ਏ, ਰੋਂਦੀ ਨਹੀਂ ਝੱਲੀ ਜਾਂਦੀ ਵਿਚਾਰੀ..ਮਾਂ ਨੂੰ ਵੱਖ ਗਸ਼ਾਂ ਤੇ ਗਸ਼ਾਂ ਪਈਆਂ ਪੈਂਦੀਆਂ ਨੇ...।"

"ਹਾਹੋ ਬੀਬੀ ਮਰਨ ਵਾਲੇ ਮਰ ਜਾਂਦੇ ਨੇ...ਪਿਛਲੇ ਜੀਉਂਦੇ ਜੀਅ ਅੱਗ 'ਚ ਪੈ ਜਾਂਦੇ ਨੇ...ਅਗੋ ਲੈਟ ਆਇਆ ਆਪ ਤੇ ਨਾ ਧਰਾਇਆ ਤਾਪ...ਕਲ੍ਹ ਵਹੁਟੀ ਦੇ ਪੇਕਿਆਂ ਤੋਂ ਖ਼ਤ ਆਇਆ ਏ ਉਹਦੀ ਮਾਸੀ ਦਾ ਪੁੱਤਰ ਨਮੂਨੀਏ ਨਾਲ...ਭਲਾ ਉਹ ਕਿਹੜਾ ਜੰਗ ਚ ਗਿਆ ਸਈ...।"

"ਭੈਣ! ਡਾਢੇ ਅੱਗੇ ਕਾਹਦਾ ਜ਼ੋਰ...।"

"ਅੱਠਾਂ ਦਸਾਂ ਦਿਨਾਂ ਦੀ ਠੰਡ ਪਈਂਦੀ ਬੜੀ ਪਈ ਏ।

"ਜਿਦਨ ਦੇ ਗੜ੍ਹੇ ਪਏ ਨੇ ਸਰੀਰ ਉੱਕਾ ਈ ਜਿਵੇਂ ਜੰਮ ਗਿਆ ਏ..,ਭਾਵੇਂ ਕਿੰਨੇ ਕਪੜੇ ਪਾਓ..." ਆਖਣ ਵਾਲੀ ਆਪਣੇ ਗਰਮ ਸੂਟ 'ਚ ਵੀ ਜਿਵੇਂ ਕੁੰਗੜ ਕੁੰਗੜ ਪਈ ਜਾਂਦੀ ਏ।

"ਅੱਜ ਕਲ੍ਹ ਬੁੱਢਿਆਂ ਨੂੰ ਤੇ ਭੈਣਾਂ ਗਰਮ ਸੂਟ ਚਾਹੀਦਾ ਏ, ਆਹ ਵੇਖਾਂ ਤੁਹਾਡਾ ਕੇਹਾ ਸੋਹਣਾ ਸੂਟ ਏ।" ਤੇ ਆਖਣ ਵਾਲੀ ਹੁਣ ਪੋਟਿਆਂ ਨਾਲ ਉਹਦਾ ਸੂਟ ਟੋਹ ਰਹੀ ਏ।

"ਮਖਿਆ ਵੀ ਹਵਾ ਮੁਲਾਇਮ ਏ ਤੇ ਨਿੱਘਾ ਵੀ...ਭਲਾ ਕੀ ਭਾਅ ਆਇਆ ਜੇ ?

"ਮੁੰਡੇ ਨੇ ਆਂਦਾ ਸੀ, ਆਂਹਦਾ ਸੀ ਸਤਾਰਾਂ ਰੁਪਈਏ ਮੀਟਰ ਆਇਆ ਏ...।"

"ਕਪੜਾ ਵੀ ਬੇਬੇ ਅੱਜ ਗਹਿਣੇ ਦੇ ਭਾਅ ਏ।"

ਹੁਣ ਸਾਰੀਆਂ ਦੀਆਂ ਨਜ਼ਰਾਂ ਮਰਨ ਵਾਲੇ ਦੀ ਵੱਡੀ ਭਰਜਾਈ ਦੀਆਂ ਨਵੀਆਂ ਬਣਵਾਈਆਂ ਚੂੜੀਆਂ ਤੇ ਹਨ।

"...ਹੁਣੇ ਬਣਵਾਈਆਂ ਜੇ ਭਲਾ, ਨਮੂਨਾ ਬੜਾ ਸੁਹਣਾ ਏ...।" ਇਕ ਨੇ ਤਾਂ ਝੱਕਦੀ ਝੱਕਦੀ ਨੇ ਪੁਛ ਹੀ ਲਿਆ ਹੈ।

"...ਨਹੀਂ ਬਣੀਆਂ ਤਾਂ ਪਹਿਲਾਂ ਈ ਪਈਆਂ ਸਨ ਓਸੇ ਕਾਣੇ ਤੋਂ...।" ਤੇ ਹੁਣ ਚੂੜੀਆਂ ਵਾਲੀ ਸ਼ਰਮਿੰਦੀ ਜਿਹੀ ਹੋਈ ਕਿਸੇ ਕੰਮ ਦੇ ਬਹਾਨੇ ਉਥੋਂ ਉੱਠ ਖਲੋਤੀ ਹੈ। ਇਕਦੂੰਹ ਨੇ ਤਾਂ ਨੱਕ ਵੀ ਚਾੜ੍ਹਿਆ ਏ, ਕੁਝ ਘੁਰ ਘੁਰ ਵੀ ਸ਼ੁਰੂ ਹੋ ਗਈ ਏ

"ਵਿਹੜੇ 'ਚ ਵਲੈਤੀ ਗਾਂ ਦੀ ਸਜਾਈ ਵੱਛੀ ਦੁੜਕੀਆਂ ਲਾ ਰਹੀ ਏ ਤੇ ਇੰਝਾਵੇ ਉਹਦੇ ਮਗਰ ਦੌੜ ਦੌੜਕੇ ਉਹਦੀ ਪੂਛਲ ਪਏ ਮਰੋੜਦੇ ਨੇ ਨਾ ਵੇ ਹੱਸ ਹੱਸਕੇ ਲੋਟ ਪੋਟ ਹੋ ਰਹੇ ਨੇ। ਹੁਣ ਸਾਰੀਆਂ ਦਾ ਧਿਆਨ ਓਧਰੇ ਹੋ ਗਿਆ ਏ।

"ਸਗਵਾਂ ਹਰਨੀ ਦਾ ਬੱਚਾ ਏ।"

"ਤੇ ਗਾਂ ਏਨੀ ਸੀਲ ਜੇ ਭਾਵੇਂ ਦਿਹਾੜੀ 'ਚ ਚਾਰ ਵਾਰ ਚੋ ਲਵੋ।"

ਮਹਿਰੀ ਟ੍ਰੇਅ ਵਿਚ ਚਾਹ ਰੱਖੀ ਆ ਗਈ ਏ, ਕੁਝ ਗਲਾਸ ਫੜਨੋਂ ਝੱਕ ਰਹੀਆਂ ਨੇ, "ਫੜੋ ਫੜੋ ਬੀਬੀ...ਮੁੱਕ ਤੇ ਉਹਦਾ ਗਿਆ ਜਿਹੜਾ ਟੁਰ ਗਿਆ...ਕੀ ਛੱਡਿਆ ਹੋਇਆ ਏ ਓਦਨ ਦਾ," ਇਹ ਮਰਨ ਵਾਲੇ ਦੀ ਮਾਂ ਏ।

ਇੰਝਾਵੇ ਹਾਲੀ ਵੀ ਵੱਛੀ ਦੀ ਪੂਛਲ ਮਰੋੜ ਰਹੇ ਨੇ। ਭੋਲੀ ਨੇ ਪਿਛੋਂ ਦੀ ਆ ਕੇ ਬਰਾਂਡੇ 'ਚ ਖਲੋਤੇ ਪੱਪੂ ਦੇ ਹੱਥੋਂ ਅਡੋਲ ਈ ਗਲਾਸ ਖਿੱਚ ਲਿਆ ਏ... ਹੁਣ ਪੱਪੂ ਭੋਲੀ ਮਗਰ ਨੱਸ ਰਿਹਾ ਏ, ਦੋਵੇਂ ਹੱਸੀ ਵੀ ਜਾਂਦੇ ਨੇ ਤੇ ਨੱਸੀ ਵੀ ਜਾਂਦੇ ਨੇ...।

ਕੁਝ ਜਨਾਨੀਆਂ ਨੱਕ ਚਾੜ੍ਹ ਚਾੜ੍ਹ ਚਾਹ ਪੀ ਰਹੀਆਂ ਨੇ ਇਕ ਦੂੰਹ ਨੇ ਤਾਂ ਅੱਧੇ ਅੱਧੇ ਗਿਲਾਸ ਵਿਚੇ ਛਡ ਦਿੱਤੇ ਨੇ ਸ਼ਾਇਦ ਮਿੱਠਾ ਘੱਟ ਏ ਵੱਡੀ ਹੁਣ ਹਫਕੇ ਬਹਿ ਗਈ ਏ।

"ਹਾਇਆ ਘੱਟਾ ਚੇਤਾ ਏ ਮੇਰਾ ਵੀ, ਕਿਸੇ ਇੰਝਾਵੇ ਨੂੰ ਈ ਪੱਕੀ ਕਰ ਆਉਂਦੀ, ਕਲ੍ਹ ਮੱਝ ਸੂਈ ਏ ਨਿੱਕਾ ਜਿਹਾ ਜਾਅ ਏ ਕੱਚੇ ਖੁਰ ਨੇ, ਕੀ ਪਤਾ ਕਾਵਾਂ ਕੀ ਹਾਲ ਕੀਤਾ ਏ।...ਇਹ ਦਲੀਪੇ ਵਾਲੀ ਏ।

ਲੰਬਰਦਾਰਨੀ ਨੂੰ ਵਿਚੋਂ ਵਿਚ ਆਪਣੇ ਮੁੰਡੇ ਦਾ ਫਿਕਰ ਲੱਗਾ ਹੋਇਆ ਏ। ਮੁੰਡੇ ਨੂੰ ਠੰਡ ਲੱਗੀ ਹੋਈ ਏ ਤੇ ਹਕੀਮ ਨੇ ਦੁੱਧ 'ਚ ਛੁਹਾਰਾ ਕਾਹੜ ਕੇ ਦੇਣ ਲਈ ਕਿਹਾ ਸੀ ਸੋਚ ਰਹੀ ਏ ਜਾਂਦੀ ਵਾਰਾਂ ਹੱਟੀਓਂ ਈ ਲਈ ਜਾਵਾਂ।

ਦਿਨ ਢਲ ਗਿਆ ਏ ਠੰਡੀ ਹਵਾ ਚੱਲ ਪਈ ਏ।

"ਮੇਰਾ ਤੇ ਅੜੀਓ ਸਹੁਰਾ ਬਾਹਰ ਪਾਲੇ 'ਚ ਪਿਆ ਠੁਰਕਦਾ ਹੋਣਾ ਏ...ਵਡੇਰਾ ਸਰੀਰ ਏ ਘਰ ਕੋਈ ਹੈ ਨਹੀਂ ਕੱਲੇ ਉਹਦੇ ਤੋਂ ਮੰਜੀ ਅੰਦਰ ਕਰ ਨਹੀਂ ਹੋਣੀ। ਕਲ੍ਹ ਦਾ ਉਂਝ ਵੀ ਕੁਝ ਠੰਗਰਿਆ ਹੋਇਆ ਏ...ਠੰਡ ਲੱਗੀ ਸੁ ਖੌਰੇ ਇਹ ਭਾਰੇ ਸਰੀਰ ਤੇ ਪੱਕੇ ਰੰਗ ਵਾਲੀ ਬੰਤੋ ਏ।

"ਨੀ ਛੁਵਾਰਾ ਚਾ ਲਾਈਂ ਸੂ ਜਾ ਕੇ...।"

ਸਾਰੀਆਂ ਹੱਸ ਪੈਂਦੀਆਂ ਨੇ।

"ਵੇਖੋ ਪੰਡ ਦੀ ਪੰਡ ਨਾਂ ਬਈਠਾ ਜਾਏ ਨਾਂ ਉਠਿਆ ਜਾਏ...ਕਿੱਡੀ ਰੱਬ ਨਸੀਹਤ ਪਿਆ ਦੇਂਦਾ ਏ।

"ਸਾਡੀ ਬੀਬੀ ਦੀ ਸੱਸ ਕੋਈ ਛੇ ਮਹੀਨੇ ਹੋ ਗਏ ਨੇ ਵਿਚਾਰੀ ਨੂੰ ਮੰਜੀ ਤੇ ਅੱਡੀਆਂ ਰਗੜਦੀ ਨੂੰ...ਲਾਜ ਵੀ ਹੱਦੋਂ ਵੱਧ ਕੀਤਾ ਏ।"

"ਲਾਜ ਤੇ ਬੇਬੇ ਜੀ ਅਸਾਂ ਵੀ ਬੜਾ ਕਰਾਇਆ ਏ ਪਰ ਦਮਾਂ ਦਮਾਂ ਨਾਲ...।"

"...ਨੀ ਦੇਹ ਸੁ ਪਰ੍ਹਾਂ ਫੀਮ ਦਾ ਗੋਲਾ।"

"ਨਾਂ ਨੀ ਮੇਰੇ ਸਹੁਰੇ ਨੂੰ ਇੰਝ ਨਾ ਆਖੋ ਅੜੀਓ ਮਰਨ ਤੇ ਉਹਦਾ ਕੋਈ ਨਹੀਂ ਜੇ ਦਿਲ ਕਰਦਾ ਹਾਲੀ...।"

"ਨੀ ਭੈੜੀਓ ਇਹ ਵੀ ਸੱਚ ਮੰਨੋ ਕਲ੍ਹ ਮੈਂ ਗਈ ਦਿਹਨਾਂ ਦੇ ਘਰ,..ਬਿਟਰ ਬਿਟਰ ਵਿਹੜੇ 'ਚ ਬਹੁਕਰ ਫੇਰਦੀ

ਚੂੜੀ ਕੁੜੀ ਵੱਲ ਝਾਕੀ ਜਾਏ ਝਾਕੀ ਜਾਏ ।"

ਪੱਪੂ ਤੇ ਭੋਲੀ ਪਰ੍ਹਾਂ ਬਰਾਂਡੇ ਦੀ ਇਕ ਗੁੱਠੇ ਖਲੋਤੇ ਆਪਣੇ ਆਪਣੇ ਸਕੂਲਾਂ ਦੀਆਂ ਗੱਲਾਂ ਕਰ ਰਹੇ ਨੇ, ਚਾਹ ਪੀ ਰਹੇ ਨੇ ਤੇ ਅੱਖ ਮੁੱਟਕਾ ਕਰ ਰਹੇ ਨੇ ।

ਰੂੜੀ ਤੇ ਬੈਠੀਆਂ ਜ਼ਨਾਨੀਆਂ ਹਾਲੀ ਵੀ ਪੱਕੇ ਰੰਗ ਵਾਲੀ ਅੱਧਖੜ ਜ਼ਨਾਨੀ ਦੇ ਸਹੁਰੇ ਦੀਆਂ ਗੱਲਾਂ ਕਰ ਕਰ ਹੱਸ ਰਹੀਆਂ ਨੇ ।

"ਜਾਨ ਤੇ ਉਹਦੀ ਕਿੱਧਰੇ ਟੁਭਕਦੀ ਪਈ ਏ ਜਦੋਂ ਤੁਰਦਾ ਏ ਤਾਂ ਇੰਝ ਜਾਪਦਾ ਏ ਜਿਵੇਂ ਹੁਣੇ ਡਿੱਗਾ ਕਿ ਡਿੱਗਾ...।" ਤਿੱਖੇ ਨੱਕ ਤੇ ਜੜਾਊ ਲੌਂਗ ਵਾਲੀ ਜਨਾਨੀ ਹੁਣ ਉਠ ਕੇ ਬੁੱਢੇ ਦੀ ਟੋਰ ਦੀਆਂ ਸਾਂਗਾਂ ਲਾਉਂਦੀ ਟੰਗਾਂ ਚੌੜੀਆਂ ਕਰ ਕਰ ਤੁਰ ਰਹੀ ਏ ।

ਹਾਸੇ ਦਾ ਜਿਵੇਂ ਕੋਈ ਫੁਹਾਰਾ ਚੱਲ ਪਿਆ ਏ ।

"ਨਾਂ ਨੀ ਅੜੀਓ ਹਾਲੀ ਤਾਂ ਉਹ ਐਤਕੀਂ ਦੁਸਹਿਰੇ ਦੇ ਮੇਲੇ ਤੇ ਜਾਣ ਲਈ ਅੜੀ ਕਰ ਬਈਠਾ ਸਈ।" ਇਹ ਸਹੁਰੇ ਵਾਲੀ ਏ ।

"ਤੇ ਚੁੱਕ ਲੈਣਾ ਸਈ ਕੁਛੜ ਫਿਰ...।"

ਹਾਸੇ ਦੀ ਇਕ ਹੋਰ ਲਹਿਰ ਉਠਦੀ ਏ, ਫਿਰ ਇਕ ਹੋਰ ਤੇ ਫਿਰ ਇਕ ਹੋਰ ।

ਪਿੰਡ ਤੇ ਡਾਕਖਾਨਾ—ਤਲਾਣੀਆਂ,
(ਬਰਾਸਤਾ ਸਰਹੰਦ) ਜ਼ਿਲਾ ਪਟਿਆਲਾ

O

## ਆਲੂ/ਜਗਮੋਹਣ ਕੌਸ਼ਲ

ਅਧਿਆਪਕਾਂ ਦੀ ਇਸ ਛੋਟੀ ਜੇਹੀ ਗੁਪਤ ਮੀਟਿੰਗ ਵਿਚ ਭਾਗ ਲੈਣ ਵਾਲੇ ਸਾਰੇ ਮੈਂਬਰ ਭਾਵੇਂ ਇਕ ਮੱਤ ਦੇ ਸਨ ਪਰ ਬਹਿਸ ਫਿਰ ਵੀ ਹੋ ਰਹੀ ਸੀ, ਸਟੇਟ ਪੱਧਰ ਤੇ ਸਾਰੀਆਂ ਯੂਨੀਅਨਾਂ ਨੇ ਏਕਾ ਕਰਕੇ ਇਲੈਕਸ਼ਨ ਦਾ ਜੋ ਟੰਟਾ ਖੜਾ ਕੀਤਾ ਸੀ ਉਸ ਨਾਲ ਬਹੁਤ ਸਾਰੇ ਸਾਊ, ਮਿੱਠ ਬੋਲੜੇ ਅਤੇ ਮੂੰਹ ਨਾ ਖੋਲਣ ਵਾਲੇ ਅਧਿਕਾਰਾਂ ਦੀ ਜਾਨ ਕੁੜੱਕੀ ਵਿਚ ਆ ਫੱਸੀ ਸੀ । ਆਖਰ ਕੌਣ ਇਨ੍ਹਾਂ ਛਿਛੜਾਂ ਦੀਆਂ ਵਾੜਾਂ ਨੂੰ ਵੋਟ ਪਾਣ ਤੋਂ ਇਨਕਾਰ ਕਰਕੇ ਨਾਰਾਜ਼ਗੀ ਮੁਲ ਲਵੇ । ਫਿਰ ਵੀ ਅੱਜ ਮੀਟਿੰਗ ਵਿਚ ਫੈਸਲਾ ਹੋਣਾ ਹੀ ਸੀ ਕਿ ਵੋਟ ਕਿਸ ਨੂੰ ਪਾਏ ਜਾਣ । ਗਿਆਨੀ ਹਿੰਮਤ ਸਿੰਘ ਨੇ ਕਮਰੇ ਵਿਚ ਵੜਦਿਆਂ ਹੀ ਖੂੰਜੇ ਪਈ ਆਰਾਮ ਕੁਰਸੀ ਘਸੀਟਦਿਆਂ ਆਪਣਾ ਸੁਝਾ ਪੇਸ਼ ਕਰਦਿਆਂ ਕਿਹਾ—

"ਮੇਰੇ ਖਿਆਲ ਵਿਚ ਤਾਂ ਜੇਹੜਾ ਉਮੀਦਵਾਰ ਸਾਡੇ ਕੋਲ ਆਉਣ ਦੀ ਪਹਿਲ ਕਰੇ ਵੋਟ ਤੇ ਉਸ ਦਾ ਹੱਕ ਹੋਣਾ ਚਾਹੀਦਾ ਹੈ ।"

"ਪਰ ਗਿਆਨੀ ਜੀ ਜੇ ਸਭ ਤੋਂ ਪਹਿਲਾਂ ਸਾਡੇ ਪਾਸ ਕੋਈ ਮਹਾਂ ਮੂਰਖ ਜੀ ਹੀ ਪਹੁੰਚ ਜਾਣ ਤਾਂ ?" ਮਾਸਟਰ ਠੰਡੂਰਾਮ ਜੋਸ਼ ਨੇ ਸ਼ੁਰੂ ਵਿਚ ਹੀ ਸਭ ਅਧਿਆਪਕਾਂ ਤੇ ਆਪਣਾ ਪ੍ਰਭਾਵ ਪਾਉਂਦਿਆਂ ਕਿਹਾ ।

"ਵੀਰ ਜੀ ਜਿਹੜਾ ਬੰਦਾ ਸਾਡੇ ਆਪਣੇ ਸਕੂਲ ਵਿਚ ਰਹਿ ਚੁਕਾ ਹੈ ਭਾਵੇਂ ਕਿਹੋ ਜਿਹਾ ਵੀ ਹੋਵੇ ਸਾਡਾ ਫਰਜ਼ ਹੈ ਉਸੇ ਨੂੰ ਵੋਟ ਪਾਈਏ ।" ਗੰਗਾ ਦੇਵੀ ਭੈਣ ਜੀ ਨੇ ਜਿਵੇਂ ਬਹੁਤਿਆਂ ਦੇ ਮਨ ਦੀ ਕਹਿ ਦਿੱਤੀ ਹੋਵੇ ਤੇ ਸਾਰੇ ਜਿਵੇਂ ਸੋਚਣ ਤੇ ਮਜਬੂਰ ਹੋ ਗਏ ਸਨ ।

ਆਹੋ ਭੈਣ ਜੀ, ਉਹ ਵੀਰ ਜੀ ਨੂੰ ਤਾਂ ਅਸੀਂ ਵੀਹ ਵਾਰ ਵੇਖਿਆ ਹੈ ਪਰ ਜਿਸ ਦੀ ਅਸੀਂ ਅਜੇ ਤੱਕ ਸ਼ਕਲ ਨਹੀਂ ਵੇਖੀ ਉਹਨੂੰ ਵੋਟ ਕਾਹਦੀ ।" ਕੁਝ ਦਿਨ ਪਹਿਲਾਂ ਇਥੇ ਬਦਲ ਕੇ ਆਈ ਨਵੀਂ ਅਧਿਆਪਕਾ ਨੇ ਵੀ ਗੰਗਾ ਭੈਣ ਜੀ ਦੀ ਹਾਮੀ ਭਰੀ ।

"ਭੈਣ ਜੀ ਮਾਫ਼ ਕਰਨਾ ਜੇ ਸ਼ਕਲ ਦੇਖ ਕੇ ਹੀ ਵੋਟਾਂ ਪਾਣੀਆਂ ਨੇ ਤਾਂ ਜੇ ਕੋਈ ਉਮੀਦਵਾਰ ਸਾਨੂੰ ਅੱਜ ਹੀ ਆਪਣੀ ਫੋਟੋ ਉਤਾਰ ਕੇ ਦੇ ਜਾਵੇ ਤਾਂ ਕੀ ਅਸੀਂ ਉਸ ਦੀ ਸ਼ਕਲ ਵੇਖ ਵੇਖ ਕੇ ਹੀ ਆਪਣੀ ਵੋਟ ਤੇ ਉਸਦਾ ਹੱਕ ਮੰਨ ਲਵਾਂਗੇ ?" ਜੋਸ਼ ਸਾਹਿਬ ਨੇ ਫੇਰ ਆਪਣੇ ਮੋਟੇ ਸ਼ੀਸ਼ਿਆਂ ਵਾਲੀ ਐਨਕ ਰਾਹੀਂ ਅਧਿਆਪਕਾਂ ਵਲ ਝਾਕਦਿਆਂ ਕਿਹਾ, ਤੇ ਉਹ ਵਿਚਾਰੀ ਨੀਵੀਂ ਪਾਕੇ ਆਪਣਾ ਪਰਸ ਫਰੋਲਣ ਲੱਗ ਪਈ ।

"ਅਸੀਂ ਤਾਂ ਕਹਿਨੀਆਂ ਵੋਟਾਂ ਭਾਵੇਂ ਕਿਸੇ ਨੂੰ ਪਾਓ ਪਰ ਸਾਰੀਆਂ ਇਕੋ ਪਾਸੇ" ਇਕੋ ਵੱਡੀ ਕੁਰਸੀ ਤੇ ਬੈਠੀਆਂ ਗੋਬਿੰਦ ਕੌਰ ਤੇ ਸ਼ਿਵ ਕੁਮਾਰੀ ਨੇ ਏਕੇ ਦਾ ਨਾਹਰਾ ਦੇ ਕੇ

> 'ਆਲੂਆਂ' ਨੂੰ ਮੂੰਹ 'ਤੇ ਭੰਡਦਾ ਹਾਂ । ਜੇ ਪਸ਼ੂ ਜਾਂ ਜਰਵਾਣੇ ਹੋਣ ਤਾਂ ਪਿੱਠ-ਪਿੱਛੇ । ਏਸ ਲਈ ਕਈ ਵਾਰ ਆਪਣੇ ਵੀ ਆਪਣਾ ਨਹੀਂ ਸਮਝਦੇ । ਪਰ ਇਸ ਮੁੱਲ ਇਸ ਜੀਵਨ 'ਚ ਇਹ ਤਜਰਬਾ ਮਾੜਾ ਨਹੀਂ । ਜੇ ਐਂ ਨਾ ਕਰਾਂ ਤਾਂ ਫਿਰ ਮਨ ਵਿਚ ਓਹੀ ਬੇਚੈਨੀ ਤੇ ਅਸ਼ਾਂਤੀ ।

ਵਿਦਵਤਾ ਪੂਰਨ ਸੁਝਾ ਪੇਸ਼ ਕੀਤਾ।

ਪਹਿਲਾਂ ਸਾਡਾ ਯੂਨੀਅਨ ਨੇ ਕੀ ਸੁੰਵਾਰ ਦਿਤਾ ਜੋ ਅਸੀਂ ਇਨ੍ਹਾਂ ਨੂੰ ਵੋਟਾਂ ਪਾਈਏ ਨਾਲੇ ਇਨ੍ਹਾਂ ਦੀਆਂ ਝੋਲੀਆਂ ਭਰੀਏ ? ਮੈਂ ਤਿੰਨ ਦਿਨਾਂ ਤੋਂ ਉਸ ਵੱਡੇ ਨੇਤੇ ਨੂੰ ਕਹਿ ਰਿਹਾਂ ਵਈ ਨਗਰ ਪਾਲਿਕਾ ਦੇ ਪ੍ਰਧਾਨ ਆਪਣੇ ਵੱਡੇ ਭਰਾ ਨੂੰ ਆਖਕੇ ਬੱਸ ਅੱਡੇ ਤੇ ਇਕ ਖੋਖੇ ਦੀ ਜਗਾਹ ਹੀ ਅਲਾਟ ਕਰਾ ਦੇਵੇ—ਪਰ ਉਹ ਤਾਂ ਹੁਣੇ ਹੀ ਕੰਨ ਨਹੀਂ ਧਰਦਾ ਮਗਰੋਂ ਕੀ ਕਰ ਦਿਊ।"

"ਤੁਸੀਂ ਖੋਖੇ ਨੂੰ ਰੋਂਦੇ ਹੋ, ਮੇਰੀ ਬਦਲੀ ਦੀ ਹਾਮੀ ਨਹੀਂ ਭਰਦਾ।" ਮਾਸਟਰ ਮੁਹਿੰਦਰ ਮਸੀਹ ਨੇ ਗੁਪਤਾ ਜੀ ਦੀ ਗੱਲ ਕੱਟੀ।

"ਵੀਰ ਜੀ ਤੁਸੀਂ ਕੀ ਸੋਚਦੇ ਹੋ ?" ਲੇਡੀ ਲੈਕਚਰਾਰ ਸੁਸਮਾ ਸ਼ਰਮਾ ਨੇ ਜੇ. ਬੀ. ਟੀ. ਅਧਿਆਪਕ ਦਰਵੇਸ਼ ਸਿੰਘ ਨੂੰ ਤਨਜ਼ ਨਾਲ ਪੁਛਿਆ।

"ਅਗੇ ਤਾਂ ਬੀਬੀ ਜੀ ਅਸੀਂ ਇਕ ਵਾਰ ਆਪਣੇ ਕੋਲੋਂ ਰੁਪਈਆ ਰੁਪਈਆ ਦੇ ਕੇ ਜੂਨੀਅਨ ਨੂੰ ਵੋਟ ਪਾਈ ਸੀ, ਐਤਕੀਂ ਜੇ ਜੂਨੀਅਨ ਇਕ ਇਕ ਛਿੱਲੜ ਦੇਏਗੀ ਤਾਂ ਪੈਦਲ ਵੋਟ ਪਾਕੇ ਫੜੀ ਆਵਾਂਗੇ।" ਮਾਸਟਰ ਦਰਵੇਸ਼ ਸਿੰਘ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਇਕ ਸਾਂਝਾ ਜ਼ੋਰਦਾਰ ਹਾਸਾ ਬੰਦ ਕਮਰੇ ਦੀਆਂ ਕੰਧਾਂ ਨਾਲ ਟਕਰਾ ਕੇ ਹਵਾ ਵਿਚ ਖਿੱਲਰ ਗਿਆ।

ਇਸ ਦਿਨ ਵੀ ਛੁੱਟੀ ਹੋਣ ਤੱਕ ਜੁੜੇ ਇਹ ਕੌਮ-ਘਾੜੇ ਬੁੱਧੀ ਜੀਵੀ ਆਪਣੀ ਕੀਮਤੀ ਵੋਟ ਪਾਉਣ ਦਾ ਨਿਰਣਾ ਨਾ ਲੈ ਸਕੇ, ਭਾਵੇਂ ਮੀਟਿੰਗ ਵਿਚ ਕਈ ਵਾਰ ਅਰਸਤੂ, ਚਾਣਿਕਯ, ਨਾਨਕ, ਗਾਂਧੀ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਗੂੰਜਦਾ ਰਿਹਾ। ਬੰਦ ਕਮਰੇ ਤੋਂ ਬਾਹਰ ਜ਼ਬਾਨ ਖੋਲ੍ਹਣ ਦੀ 'ਮੂਰਖਤਾ' ਕਰਨ ਨੂੰ ਕੋਈ ਤਿਆਰ ਨਹੀਂ ਸੀ। ਮੀਟਿੰਗ ਵਿਚ ਭਾਗ ਲੈਣ ਵਾਲੇ ਸਾਰੇ ਮੈਂਬਰ ਬੜੇ ਸ਼ਰੀਫ਼ ਨਿਰਪੱਖ ਅਤੇ ਧਾਰਮਿਕ ਵਿਚਾਰਾਂ ਵਾਲੇ ਗਿਣੇ ਜਾਂਦੇ ਸਨ—ਸਕੂਲ ਤੋਂ ਬਾਹਰ ਸ਼ਹਿਰ ਵਿਚ ਵੀ ਇਨ੍ਹਾਂ ਦਾ ਕਾਫੀ ਮਾਣ ਸੀ। ਸਕੂਲ ਵਿਚ ਚੰਗਾ ਮਾੜਾ ਕੁਝ ਹੋਈ ਜਾਵੇ, ਪ੍ਰਿੰਸੀਪਲ ਜਾਂ ਅਫਸਰਾਂ ਦੇ ਹੁਕਮ ਤੋਂ ਬਿਨਾਂ ਇਹ ਉੱਕਾ ਹੀ ਦਖ਼ਲ ਨਾ ਦਿੰਦੇ। ਚੰਗੇ ਸ਼ਰਧਾਲੂਆਂ ਵਾਂਗ ਸਕੂਲ ਵਿਚ ਜੇ ਗ੍ਰੰਥ ਸਾਹਿਬ ਦਾ ਪਾਠ ਹੁੰਦਾ ਤਾਂ ਇਨ੍ਹਾਂ ਵਿਚਲੇ ਸਾਰੇ ਸਿੱਖ ਸਟਾਫ਼ ਮੈਂਬਰ ਦਿਨ ਰਾਤ ਇਕ ਕਰ ਦਿੰਦੇ ਤੇ ਜੇ ਗੀਤਾ ਦਾ ਪਾਠ ਹੁੰਦਾ ਤਾਂ ਹਿੰਦੂ ਮੈਂਬਰ ਤਨ ਮਨ ਧਨ ਨਾਲ ਮਰਯਾਦਾ ਨਿਭਾਉਂਦੇ। ਪਰ ਇਹ ਇਲੈਕਸ਼ਨ ਅਖੰਡ ਪਾਠ ਐਸਾ ਝੰਜਟ ਸੀ ਕਿ ਜਿਸਦੇ ਖੁਲਦਿਆਂ ਹੀ ਇਨ੍ਹਾਂ ਸੱਜਣ ਪੁਰਸ਼ਾਂ ਦੀ ਨੀਂਦ ਹਰਾਮ ਹੋ ਗਈ ਸੀ। ਨਿੱਤ ਦੇ ਵਧਦੇ ਟੰਟੇ ਦੀ ਦੁਵਿਧਾ ਚੋਂ ਨਿਕਲਨ ਲਈ ਇਕ ਸੀਨੀਅਰ ਅਧਿਆਪਕਾ ਕੁਝ ਦਿਨਾਂ ਲਈ ਤੀਰਥ ਯਾਤਰਾਂ ਤੇ ਚਲੀ ਗਈ ਸੀ ਤੇ ਇਕ ਬੁੱਢਾ ਹਿੰਦੀ ਟੀਚਰ ਆਪਣੀ ਲੜਕੀ ਦੇ ਰਿਸ਼ਤੇ ਦੀ ਭਾਲ ਲਈ ਛੁੱਟੀ ਲੈ ਗਿਆ ਸੀ। ਰਾਮ ਗਊਆਂ ਜੇਹੇ ਇਹ ਭਲੇ ਲੋਕ ਸੋਚਦੇ ਸਨ ਕਿ ਆਖਰ ਕਿਉਂ ਤੇ ਕਾਹਦੇ ਲਈ ਕੋਈ ਨੰਗੇ ਤੌਰ ਤੇ ਕਿਸੇ ਇਕ ਨਾਲ ਖਲੋ ਕੇ ਦੂਜੇ ਦਾ ਵਿਰੋਧ ਮੁੱਲ ਲਵੇ। ਬੱਚਿਆਂ ਨੂੰ ਧਰਮ-ਗ੍ਰੰਥਾਂ ਦੇ ਉਧਾਹਰਣ ਦੇ ਕੇ ਸੱਚ ਨੂੰ ਸੱਚ ਕਹਿਣ ਅਤੇ ਪਾਠ ਪੁਸਤਕਾਂ ਰਾਹੀਂ ਲੋਕ-ਤੰਤਰੀ ਢਾਂਚੇ ਨੂੰ ਮਜ਼ਬੂਤ ਬਣਾਣ ਦਾ ਉਪਦੇਸ਼ ਦੇਣਾ ਹੋਰ ਗੱਲ ਹੈ ਪਰ ਪ੍ਰਬੰਧਕੀ ਢਾਂਚੇ ਤੇ ਸਮਾਜ ਵਿਚੋਂ ਛੇਕਿਆ ਜਾਣਾ ਕੌਣ ਬਰਦਾਸ਼ਤ ਕਰ ਸਕਦਾ ਹੈ ? ਇਥੇ ਤਾਂ ਹਰ ਹਰ ਕਰਕੇ ਹਰ ਬੰਦਾ ਦਿਨ ਕੱਟਦਾ ਤੇ ਬੱਚਿਆਂ ਦੇ ਪੇਟ ਪਾਲਦਾ ਹੈ ? ਜੇ ਵਿਰੋਧੀ ਜਿਤ ਗਿਆ ... ਜਿਨ੍ਹਾਂ ਹੈਡਕੁਆਰਟਰ ਦੇ ਸਕੂਲ ਕਿੱਲੇ ਦੇ ਜ਼ੋਰ ਤੇ ਵੀ ਮੰਨਤਾਂ ਕਰਕੇ ਚੰਗੇ ਕਰਮਾਂ ਨਾਲ ਹੀ ਮਿਲਦੇ ਨੇ —— ਅਫ਼ਸਰ ਦੇ ਅਗਾੜੀ ਅਤੇ ਘੋੜੇ ਦੇ ਪਿਛਾੜੀ ਕੌਣ ਜਾਂਦੈ — ਜਦੋਂ ਸਰਕਾਰ ਨੇ ਚਾਰ ਛਿੱਲੜ ਦੇਣੇ ਹੋਏ ਆਪੇ ਸਾਡੇ ਵੀ ਵਧ ਜਾਣਗੇ, ਵਾਧੂ ਭਾਸ਼ਣਾਂ ਵਿਚ ਵਿਸ਼ਵਾਸ ਨਾਂ ਰੱਖ ਕੇ ਚੁੱਪ ਤੇ ਟੇਕ ਰੱਖਣ ਵਾਲਿਆਂ ਦੀ ਇਹੋ ਮਨੋਦਸ਼ਾ ਸੀ।

ਦੂਜੇ ਦਿਨ ਗੁਪਤ ਮੀਟਿੰਗ ਵਾਲਿਆਂ ਸਮੇਤ ਸਾਰਾ ਸਟਾਫ ਨਿਰਭੈ ਹੋਕੇ – ਨਿਰਸਵਾਰਥ ਭਾਵ ਨਾਲ ਯੂਨੀਅਨ ਨੂੰ ਮਜ਼ਬੂਤ ਬਣਾਉਣ ਲਈ ਉਮੀਦਵਾਰ ਦਾ ਕੰਮ ਕੁਰਬਾਨੀ, ਸੂਝ ਤੇ ਚਰਿਤ੍ਰ ਦੀ ਦ੍ਰਿੜ੍ਹਤਾ ਨੂੰ ਮੁੱਖ ਰੱਖ ਕੇ ਜ਼ਮੀਰ ਦੀ ਆਵਾਜ਼ ਤੇ ਵੋਟ ਪਾਉਣ ਦੇ ਸਿਧਾਂਤ ਤੇ ਸਹਿਮਤ ਹੋ ਗਿਆ ਸੀ। ਪਰ ਇਸ ਕਲਯੁਗ ਅੰਦਰ ਕੋਈ ਬੰਦਾ ਵੀ ਬਿਨਾਂ ਸਵਾਰਥ ਕਿਵੇਂ ਹੋ ਸਕਦਾ ਹੈ ? ਤੇ ਇਸੇ ਲਈ ਸ਼ਾਇਦ ਹਰ ਅਧਿਆਪਕ ਆਪਣੇ ਜ਼ਮੀਰ ਨੂੰ ਆਪਣੇ ਸਥਾਰਥਾਂ ਨਾਲ ਜੋੜ ਕੇ ਇਕ ਦੂਜੇ ਨਾਲ ਮਨ ਬਣਾਣ ਲਗ ਪਿਆ ਸੀ। ਫਿਰ ਵੀ ਸੌ ਅਧਿਆਪਕਾਂ ਵਾਲੇ ਇਸ ਸਟਾਫ ਅੰਦਰ ਕੇਵਲ ਇਨ੍ਹਾਂ ਕੁਝ ਗੁਪਤ ਮੀਟਿੰਗ ਵਾਲੇ ਭੱਦਰ ਪੁਰਸ਼ਾਂ ਦੀ ਹੀ ਜਮੀਰ ਦੀ ਆਵਾਜ਼ ਦੀ ਸਮਝ ਨਹੀਂ ਸੀ ਆਉਂਦੀ।

ਅੱਗਲੀ ਸਵੇਰ ਸਕੂਲ ਲੱਗਦਿਆਂ ਸਾਰ ਹੀ ਇਕ ਜੀਪ ਸਕੂਲ ਗੇਟ ਤੇ ਆਕੇ ਰੁਕੀ। ਹਿੰਮਤ ਸਿੰਘ ਤੇ ਠੰਡੂ ਰਾਮ ਜੋਸ਼ ਸਹਿਮੇ ਜਿਹੇ ਜੀਪ ਦੀ ਪਿਛਲੀ ਸੀਟ ਤੋਂ ਬੈਠੇ



ਸਨ। ਸਾਹਮਣੇ ਲਾਨ ਵਿਚ ਵੱਖੋ ਵੱਖ ਉਮੀਦਵਾਰਾਂ ਦੇ ਹਿਮਾਇਤੀ ਜ਼ੋਰਦਾਰ ਬਹਿਸ ਛੇੜ ਰਹੇ ਸਨ। ਪਰ ਗਪਤ ਮੀਟਿੰਗ ਵਿਚ ਨਿਰਪੱਖ ਫੈਸਲੇ ਲੈਣ ਵਾਲੇ ਕਿਤੇ ਨਜ਼ਰ ਨਹੀਂ ਸੀ ਆਉਂਦੇ। ਸਕੂਲ ਦੀ ਪਿਛਲੀ ਨੁਕਰੋਂ ਮਹਿੰਦਰ ਮਸੀਹ ਦੇ ਕੰਨ ਚ ਕੁਝ ਕਹਿ ਕੇ ਹੌਲੀ ਹੌਲੀ ਕਦਮ ਪੁੱਟਦਾ ਮਿਸਟਰ ਗੁਪਤਾ ਗੇਟ ਪਾਰ ਕਰਕੇ ਜੀਪ ਚ ਜਾ ਬੈਠਾ ਤੇ ਜੀਪ ਵਿਚਲਿਆਂ ਨੂੰ ਸੰਬੋਧਨ ਕਰਕੇ ਬੋਲਿਆ।—

ਹੀ, ... ਹੀ, ... ਹੀ, ਸਰਦਾਰ ਜੀ, ਮੈਨੂੰ ਤਾਂ ਕਲ੍ਹ ਸ਼ਾਮ ਹੀ ਵੱਡੇ ਭੈਣ ਜੀ ਨੇ ਕਹਿ ਦਿਤਾ ਸੀ।"

"ਗੁਪਤਾ ਜੀ, ਡੀਲਿੰਗ ਕਲਰਕ ਆਪ ਵਿਚਾਰਾ ਘਰ ਕਹਿਣ ਆਇਆ ਸੀ, ਫਿਰ ਜਿਸ ਅਧਿਆਪਕ ਸਾਥੀ ਨੇ ਅਫਸਰ ਨੂੰ ਕਹਿਕੇ ਮੇਰਾ 'ਉਹ' ਕੇਸ ਖਤਮ ਕਰਾਇਆ ਸੀ ਉਨ੍ਹਾਂ ਨੂੰ ਜਵਾਬ ਦੇਣਾ ਬਣਦੈ ?' 'ਤੁਰਦੇ ਤਾਂ ਗੁਪਤਾ ਜੀ ਅਸੀਂ ਵੀ ਨਹੀਂ ਸੀ ਪਰ ਕੀ ਕਰੀਏ ਇਹ ਸਾਡੇ ਵੱਡੇ ਭਰਾ ਦੇ ਸਾਲੇ ਨੂੰ ਪਿਛੋਂ ਲੈ ਆਏ' ਠੰਡੂ ਰਾਮ ਜੋਸ਼ ਤੇ ਗਿਆਨੀ ਜੀ ਹਿੰਮਤ ਸਿੰਘ ਨੇ ਗੁਪਤਾ ਜੀ ਨੂੰ ਆਪਣੀ ਮਜ਼ਬੂਰੀ ਦੱਸੀ।

ਇਤਨੇ ਵਿਚ ਜਦੋਂ ਉਮੀਦਵਾਰ ਅਧਿਆਪਕ ਸਕੂਲੋਂ ਨਿਕਲ ਕੇ ਜੀਪ ਚ ਬੈਠਣ ਲੱਗਾ ਤਾਂ ਤਿੰਨਾਂ ਨੇ ਹੱਥ ਜੋੜ ਕੇ ਸਵਾਗਤ ਕੀਤਾ। ਜੀਪ ਦੇ ਤੁਰਦਿਆਂ ਹੀ ਲਾਨ 'ਚ ਖੜੇ ਕੁਝ ਅਧਿਆਪਕਾਂ ਨੇ 'ਟੀਚਰਜ਼ ਯੂਨੀਅਨ – ਜ਼ਿੰਦਾਬਾਦ ਦਾ ਨਾਹਰਾ ਲਾਇਆ। ਬਾਹਰਲੀ ਕੈਂਟੀਨ ਚ ਬੈਠੇ ਕੁਝ ਟਰੇਡ ਯੂਨੀਅਨ ਵਰਕਰ ਆਲੂਆਂ ਦੀਆਂ ਟਿੱਕੀਆਂ ਖਾਂਦੇ ਆਲੂਆਂ ਦੀ ਚਰਚਾ ਕਰ ਰਹੇ ਸਨ।

'ਇਹ ਆਲੂ ਵੀ ਕੀ ਸ਼ੈਅ ਹਨ — ਆਪਣੇ ਆਪ ਵਿਚ ਫਿੱਕੇ ਫਿੱਕੇ, ਬੇ ਸੁਆਦੇ ਤੇ ਨਿਰਜਿੰਦ, ਪਰ ਲੂਣ ਮਿਰਚ ਮਸਾਲੇ ਨਾਲ ਕਿਸੇ ਵੀ ਸਬਜ਼ੀ ਚ ਪਾ ਵੇਖੋ, ਹਰ ਭੋਜਨ ਵਿਚ ਮੂਹਰੇ ਤੇ ਹਰ ਭਾਂਡੇ ਦੇ ਫਿੱਟ।'

ਗਲੀ ਨੰ: 3—ਨਵੀਂ ਬਸਤੀ
ਬਠਿੰਡਾ (ਪੰਜਾਬ)

O

## ਚੱਕਰਵਿਊ/ਜੋਗਿੰਦਰ ਸਿੰਘ ਨਿਰਾਲਾ

ਘਰ ਵਿਚ

ਸਵੇਰੇ ਜਦ ਉਸਦੀ ਅੱਖ ਖੁਲ੍ਹਦੀ ਹੈ ਤਾਂ ਉਹ ਕੁਝ ਦੇਰ ਹੋਰ ਪਈ ਰਹਿਣਾ ਚਾਹੁੰਦਾ ਹੈ ਪਰ ਫਿਰ ਉਸਨੂੰ ਲਗਦਾ ਹੈ ਕਿ ਜੇ ਉਹ ਕੁਝ ਦੇਰ ਹੋਰ ਪਈ ਰਹੀ ਤਾਂ ਜਿਵੇਂ ਉਸਦੀ ਜ਼ਿੰਦਗੀ ਦੀ ਚਾਲ ਵੀ ਰੁਕ ਜਾਵੇਗੀ। ਨਾਲੇ ਗੱਲ ਕੇਵਲ ਉਸਦੀ ਆਪਣੀ ਜ਼ਿੰਦਗੀ ਦੀ ਹੀ ਨਹੀਂ, ਉਸਦੀ ਮਾਂ, ਪਿਉ ਅਤੇ ਨਿਕੇ ਭਰਾ ਦੀ ਜ਼ਿੰਦਗੀ ਦੀ ਵੀ ਹੈ। ਉਸਨੂੰ ਜਾਪਿਆ ਜੇ ਉਹ ਕੁਝ ਦੇਰ ਹੋਰ ਪਈ ਰਹੀ ਤਾਂ ਉਹ ਇਕ ਬਹੁਤ ਵੱਡਾ ਅਨਰਥ ਕਰ ਰਹੀ ਹੋਵੇਗੀ। ਉਸਨੂੰ ਉਠਣਾ ਚਾਹੀਦਾ ਹੈ ਅਤੇ ਉਹ ਇਕ ਫੁਰਤੀ ਜਿਹੀ ਨਾਲ ਰਜਾਈ ਪਰੇ ਵਗਾਹ ਕੇ ਮਾਰਦੀ ਹੈ।

'ਕੁੜੀਏ, ਮੈਂ ਪਾਣੀ ਪਾ ਤਾਂ—ਤੂੰ ਨਹਾ ਲੈ – ਮੈਂ ਚਾਹ ਧਰ ਦਿੰਨੀ ਆਂ।'

ਹਾਂ ਉਸਨੂੰ ਨਹਾਉਣਾ ਚਾਹੀਦਾ ਹੈ, ਇਹ ਸੋਚ ਕੇ ਉਸਨੇ ਤੌਲੀਆ ਚੁਕਿਆ ਅਤੇ ਗੁਸਲਖਾਨੇ ਵਲ ਹੋ ਗਈ। ਉਸਨੂੰ ਇਕ ਪਲ ਲਈ ਆਪਣੀ ਮਾਂ ਦਾ ਖਿਆਲ ਆਇਆ। ਕਿੰਨੀ ਚੰਗੀ ਹੁੰਦੀ ਸੀ ਮਾਂ ਪਹਿਲਾਂ ਪਰ ਜਦੋਂ ਦੀ ਉਸਦੇ ਪਿਉ ਦੀ ਪਿਨਸ਼ਨ ਹੋਈ ਸੀ, ਮਾਂ ਵਿਚ ਇਕ ਅਜੀਬ ਤਰ੍ਹਾਂ ਦਾ ਪਰਿਵਰਤਣ ਉਸਨੇ ਮਹਿਸੂਸ ਕੀਤਾ ਸੀ। ਉਸਦਾ ਪਿਉ ਬੈਂਕ ਵਿਚ ਚਪੜਾਸੀ ਸੀ। ਉਸ ਵੇਲੇ ਕੁਝ ਬੱਝਵੇਂ ਰੁਪਏ ਹਰ ਮਹੀਨੇ ਘਰ ਆ ਜਾਂਦੇ ਸਨ। ਪਰ ਗੁਜ਼ਾਰਾ ਤਦ ਵੀ ਮੁਸ਼ਕਿਲ ਨਾਲ ਹੀ ਹੁੰਦਾ ਸੀ। ਓਦੋਂ ਉਸਨੇ ਆਪਣੀ ਮਾਂ ਨੂੰ ਕਿਹਾ ਸੀ, 'ਮਾਂ ਕਿਉਂ ਨਾ ਮੈਂ ਕੋਈ ਨੌਕਰੀ ਕਰ ਲਵਾਂ।' ਇਸ ਤੇ ਉਸਦੀ ਮਾਂ ਸ਼ੇਰਨੀ ਵਾਂਗ ਭੜਕੀ ਸੀ। ਫਿਰ ਜਦ ਉਸਦਾ ਪਿਉ ਤੀਹ ਰੁਪਏ ਪਿਨਸ਼ਨ ਲੈ ਕੇ ਰੀਟਾਇਰ ਹੋਇਆ ਤਾਂ ਮਾਂ ਇਕ ਮਹੀਨੇ ਬਾਅਦ ਹੀ ਕਹਿਣ ਲਈ ਮਜ਼ਬੂਰ ਹੋ ਗਈ ਸੀ, 'ਧੀਏ! ਹੁਣ ਤਾਂ ਤੈਨੂੰ ਹੀ ਕੋਈ ਕੰਮ ਕਰਨਾ ਪਵੇਗਾ।' ਉਸਨੇ ਦਸਵੀਂ ਪਾਸ ਕਰ

> ਮੇਰੇ ਅੰਦਰ ਵੀ ਇੱਕ 'ਕਹਾਣੀ' ਹੈ। ਜਦ ਕਦੇ ਵੀ ਲਿਖਦੇ ਲਿਖਦੇ ਉਸ ਇੱਕ ਕਹਾਣੀ ਦਾ ਅੰਸ਼ ਆਇਆ ਹੈ ਤਾਂ ਗੱਲ ਵਧੀਆ ਹੋ ਨਿੱਬੜੀ ਹੈ।

ਲਈ ਸੀ । ਉਸਦੀਆਂ ਅੱਖਾਂ ਵਿਚ ਪੈਦਾ ਹੋਏ ਕਾਲਜ ਜਾਣ ਦੇ ਸੁਪਨੇ ਮਾਂ ਦੀ ਇਸ ਗਲ ਨਾਲ ਹੀ ਮਰ ਗਏ ਸਨ ਅਤੇ ਫਿਰ ਉਸਦੇ ਪਿਉ ਨੇ 'ਮੈਨੇਜਰ ਸਾਹਿਬ' ਦੇ ਪੈਰ ਫੜ ਕੇ ਉਸਨੂੰ ਕਲਰਕ ਭਰਤੀ ਕਰਵਾ ਦਿਤਾ ਸੀ ।

'ਨੀ ਕੁੜੀਏ, ਛੇਤੀ ਕਰ – ਪਤਾ ਨੀ ਕੀ ਕਰਦੀ ਰਹਿੰਦੀ ਏ । ਐਨਾ ਐਨਾ ਚਿਰ ਨਹਾਉਣ ਨੂੰ ਲਾ ਦਿੰਦੀ ਐ ।'

ਮਾਂ ਦੀ ਆਵਾਜ਼ ਆਈ । ਹੁਣ ਤੀਕ ਉਹ ਨਹਾ ਚੁਕੀ ਸੀ ਅਤੇ ਮਾਂ ਦੀ ਇਹੋ ਜਿਹੀ ਆਵਾਜ਼ ਦੀ ਉਡੀਕ ਵਿਚ ਹੀ ਸੀ । ਉਸਨੇ ਸੋਚਿਆ ਜਦ ਤੋਂ ਉਸਨੇ ਨੌਕਰੀ ਕੀਤੀ ਸੀ ਮਾਂ ਦੇ ਦਿਲ ਵਿਚ ਉਸਦੇ ਪ੍ਰਤਿ ਇਕ ਈਰਖਾ ਜਿਹੀ ਪੈਦਾ ਹੋ ਗਈ ਸੀ । ਪਰ ਉਸਦਾ ਪਿਉ ਉਸ ਵਲ ਪਹਿਲਾਂ ਨਾਲੋਂ ਵੀ ਵਧੇਰੇ ਹਲੀਮੀ ਵਰਤਣ ਲਗ ਪਿਆ ਸੀ ।

ਉਹ ਗੁਸਲਖਾਨੇ ਚੋਂ ਬਾਹਰ ਆਈ ਤਾਂ ਉਸਨੂੰ ਦੇਖਕੇ ਮਾਂ ਦੇ ਜਿਵੇਂ ਚੌਹੀਂ ਕੱਪੜੀਂ ਅੱਗ ਲਗ ਗਈ ਹੋਵੇ ।

"ਕਿੰਨੀ ਵਾਰ ਕਿਹੈ ਇਹੋ ਜੇ ਕਪੜੇ ਨਾ ਪਾਇਆ ਕਰ — ।"

ਮਾਂ ਕਾਫ਼ੀ ਕੁਝ ਬੋਲਦੀ ਰਹੀ ਪਰ ਉਸਨੇ ਇਕ ਵਾਰ ਆਪਣੀ ਸੀਲੈਕਸ ਅਤੇ ਕੁਰਤੇ ਵਲ ਦੇਖਿਆ ਅਤੇ ਕੰਘੀ ਲੱਭਣ ਲਗ ਪਈ । ਉਹ ਕੰਘੀ ਕਰ ਰਹੀ ਸੀ ਜਦ ਮਾਂ ਨੇ ਉਸਨੂੰ ਚਾਹ ਦਾ ਗਿਲਾਸ ਫੜਾਇਆ । ਮਾਂ ਚਲੀ ਗਈ ਤਾਂ ਫਿਰ ਘੁਸਰ ਮੁਸਰ ਹੋਣ ਲਗੀ । ਉਸਨੂੰ ਆਪਣੇ ਪਿਉ ਦੀ ਆਵਾਜ ਸੁਣੀ, 'ਤੂੰ ਤਾਂ ਐਵੇਂ ਹੀ ਕੁੜੀ ਤੇ ਕੁੜਣ ਲਗ ਪੈਂਨੀ ਐਂ — ਬਿਚਾਰੀ ਨੇ ਦਫ਼ਤਰ ਜਾਣੈ ।"

"ਭੈਣੇ, ਮੈਂ ਸਕੂਲ ਦੀ ਫੀਸ ਦੇਣੀ ਐਂ ।' ਉਸਦਾ ਨਿਕਾ ਭਰਾ । ਉਹ ਆਪਣੇ ਭਰਾ ਵੱਲ ਹਸਰਤ ਭਰੀਆਂ ਨਜ਼ਰਾਂ ਨਾਲ ਦੇਖਦੀ ਹੈ ਅਤੇ ਉਸਦੀਆਂ ਅੱਖਾਂ ਵਿਚ ਇਕ ਸੁਪਨਾ ਜਿਹਾ ਤੈਰ ਜਾਂਦਾ ਹੈ ।

ਬਸ ਵਿਚ—

ਬਸ ਪੂਰੀ ਸਪੀਡ ਨਾਲ ਭੱਜੀ ਜਾ ਰਹੀ ਹੈ । ਉਸਦੇ ਨਾਲ ਬੈਠਾ ਕਾਲਜੀਏਟ ਮੁੰਡਾ ਵਾਰ ਵਾਰ ਉਸਦੀ ਬਾਂਹ ਨਾਲ ਆਪਣੀ ਕੂਹਣੀ ਲਗਾ ਰਿਹਾ ਹੈ । ਅਗਲੀ ਸੀਟ ਉੱਪਰ ਬੈਠਾ ਆਦਮੀ ਮੁੰਡੇ ਦੀ ਇਸ ਹਰਕਤ ਨੂੰ ਦੇਖ ਕੇ ਉਸ ਵਲ ਇਸ ਤਰ੍ਹਾਂ ਦੇਖਦਾ ਹੈ ਕਿ ਮੁੰਡਾ ਥੋੜਾ ਜਿਹਾ ਹਟ ਕੇ ਬੈਠ ਜਾਂਦਾ ਹੈ । ਪਰ ਜਿਉਂ ਹੀ ਉਹ ਆਦਮੀ ਦੇਖਣੋ ਹਟਦਾ ਹੈ ਮੁੰਡਾ ਉਸਦੀ ਬੱਖੀ ਵਿਚ ਆਪਣੀ ਕੂਹਣੀ ਖੁਭੋ ਜਿਹੇ ਦਿੰਦਾ ਏ ।

"ਕਿਥੇ ਜਾਣੈ ?" ਕੰਡਕਟਰ ਉਸਦੇ ਐਨ ਕੋਲ ਆ ਖੜਾ ਹੈ । ਉਸਨੂੰ ਕੰਡਕਟਰ ਉਪਰ ਬੜੀ ਖਿਝ ਆਉਂਦੀ ਉਹ ਹਰ ਰੋਜ਼ ਇਸੇ ਬਸ ਤੇ ਜਾਂਦੀ ਹੈ ਅਤੇ ਕੰਡਕਟਰ ਨੂੰ ਵੀ ਪਤਾ ਹੈ ਪਰ ਫਿਰ 'ਕਿਥੇ ਜਾਣੈ ?' ਕਹਿ ਕੇ ਕੰਡਕਟਰ ਜਿਵੇਂ ਉਸ ਤੇ ਆਪਣੀ ਪਦਵੀ ਦਾ ਰੋਹਬ ਪਾਉਣਾ ਚਾਹੁੰਦਾ ਹੋਵੇ । ਉਹ ਚੁੱਪ ਚਾਪ ਕੰਡਕਟਰ ਅੱਗੇ ਰੋਡਵੇਜ਼ ਦਾ ਪਾਸ ਕਰ ਦਿੰਦੀ ਹੈ । ਕੰਡਕਟਰ ਇਕ ਪਲ ਉਸਦੇ ਪਾਸ ਨੂੰ ਲਾਹਪ੍ਰਵਾਹੀ ਜਿਹੀ ਨਾਲ ਦੇਖਦਾ ਹੈ ਅਤੇ ਦਸਖ਼ਤ ਕਰ ਕੇ ਵਾਪਸ ਦੇ ਦਿੰਦਾ ਹੈ । ਬਸ ਭੱਜੀ ਜਾ ਰਹੀ ਹੈ ? ਉਹ ਚਾਹੁੰਦੀ ਹੈ ਕਿ ਉਸਦਾ ਇਹ ਸਫ਼ਰ ਇਕ ਮਿੰਟ ਵਿਚ ਮੁਕ ਜਾਇਆ ਕਰੇ ।

ਦਫਤਰ ਵਿਚ—

"ਤੁਹਾਨੂੰ ਰਜਿਸਟਰ ਬਿਲਕੁਲ ਭਰਨਾ ਨੀ ਔਂਦਾ । ਤੁਹਾਡੇ ਨਾਲੋਂ ਤਾਂ ਰਜਿਸਟਰੀ ਕਲਰਕ ਕੁੜੀ ਦਾ ਕੰਮ ਈ ਅਪਟੂ ਡੇਟ ਰਹਿੰਦਾ ਹੈ ।"


ਹੈਡ-ਕਲਰਕ ਉਸਨੂੰ ਕਹਿ ਰਿਹਾ ਸੀ । ਉਹ ਸੋਚ ਰਹੀ ਸੀ । ਰਜਿਸਟਰੀ ਕਲਰਕ ਕੁੜੀ ਦਾ ਕੰਮ ਤਾਂ ਆਪੇ ਹੀ "ਅਪਟੂਡੇਟ" ਹੋਵੇਗਾ, ਉਸ ਵਿਚਾਰੀ ਨੇ ਰੋਜ਼ ਰੋਜ਼ ਦੇ ਤੰਗ ਹੋਣ ਤੋਂ ਤੰਗ ਆ ਕੇ ਹੈਡ-ਕਲਰਕ ਦੀ 'ਗਲ' ਜੋ ਮੰਨ ਲਈ ਹੈ । ਪਰ ਉਹ ਇਸ ਤਰ੍ਹਾਂ ਨਹੀਂ ਕਰੇਗੀ । ਹਰ-ਗਿਜ ਨਹੀਂ ਕਰੇਗੀ, ਭਾਵੇਂ ਉਸਨੂੰ ਨੌਕਰੀ ਤੋਂ ਜੁਆਬ ਹੀ ਕਿਉਂ ਨਾ ਮਿਲ ਜਾਵੇ । ਪਰ ਨੌਕਰੀ ਛੁੱਟਣ ਦਾ ਖਿਆਲ ਆਉਂਦਿਆਂ ਹੀ ਉਸਦੀਆਂ ਅੱਖਾਂ ਅਗੇ ਘਰ ਦਾ ਆਟੇ ਵਾਲਾ ਪੀਪਾ ਘੁੰਮ ਗਿਆ ।

"ਸਾਰੀ ਸਰ – ਅੱਗੇ ਤੋਂ ਕੋਈ ਗ਼ਲਤੀ ਨਹੀਂ ਹੋਵੇਗੀ ।"

ਉਹ ਆਪਣੀ ਕੁਰਸੀ ਉਪਰ ਆ ਕੇ ਬੈਠ ਗਈ ਹੈ, ਨਹੀਂ ਆ ਕੇ ਡਿਗ ਪਈ ਹੈ । ਉਹਨੂੰ ਇੰਜ ਜਾਪਦਾ ਹੈ ਜਿਵੇਂ ਉਸ ਦੇ ਸਾਹਮਣੇ ਪਈ ਟਾਈਪ ਇਕ ਨਾ ਇਕ ਦਿਨ ਉਸਨੂੰ ਖ਼ਤਮ ਕਰ ਦੇਵੇਗੀ । ਉਸ ਦਾ ਦਿਲ ਕਰਦਾ ਹੈ ਕਿ ਉੱਚੀ ਸਾਰੀ ਚੀਕ ਪਵੇ । ਪਰ ਦਫ਼ਤਰ ਵਾਲੇ ਕੀ ਸੋਚਣਗੇ ? ਜਿਵੇਂ ਉਹ ਕਿਸੇ ਸੁਪਨੇ ਤੋਂ ਜਾਗੀ ਹੋਵੇ । ਉਹ ਸਾਹਮਣੇ ਪਏ ਕਾਗਜ਼ ਉੱਪਰ ਪੇਪਰ ਵੇਟ ਅਤੇ ਅਧਮੋਈਆਂ ਉਂਗਲਾਂ ਟਾਈਪ ਉੱਪਰ ਰਖ ਦਿੰਦੀ ਹੈ ।

3–ਹਰੀ ਮੈਨਸ਼ਨ, ਮਸੂਰੀ (ਯੂ.ਪੀ.)

o



# ਸ਼ਹਿਰ ਚੀਕਦਾ ਹੈ/ਸੀ. ਮਾਰਕੰਡਾ

—ਰਚਨਾ ਉਦਾਸ ਇਸ ਲਈ ਨਹੀਂ ਕਿ ਉਸ ਤੇ ਲੋਹੜੇ ਦਾ ਰੂਪ ਕਿਉਂ ਆਇਆ ਜਾਂ ਉਹ ਇਕੋ ਵੇਲੇ ਐਨੀ ਜੁਆਨ ਕਿਉਂ ਹੋ ਗਈ। ਸਗੋਂ ਝੋਰਾ ਉਸਨੂੰ ਇਸ ਗੱਲ ਦਾ ਹੈ ਕਿ ਉਸਦਾ ਪ੍ਰਛਾਵਾਂ ਇੱਕ ਦਮ ਐਨਾ ਕਿਉਂ ਫੈਲ ਗਿਆ। ਉਂਜ ਉਹ ਸੁੰਗੜਨਾ ਵੀ ਨਹੀਂ ਸੀ ਚਾਹੁੰਦੀ। —ਰੰਚਨਾ ਅੱਵਲ ਤਾਂ ਸੌਂਦੀ ਹੀ ਨਹੀਂ ਸੀ ਹੁਣ ਜੇ ਭਲਾ ਸੌਂਦੀ ਹੈ ਤਾਂ ਉਸ ਦੀ ਅੱਧੀ ਅੱਧੀ ਰਾਤੀਂ ਨੀਂਦ ਟੁੱਟ ਜਾਂਦੀ ਹੈ। ਉਸਨੂੰ ਜਾਪਦਾ ਹੈ ਜਿਵੇਂ ਉਸਦੇ ਅੰਦਰੋਂ ਇਕ ਮਹਿਕ ਉੱਠਦੀ ਹੋਵੇ ਤੇ ਉਸਦਾ ਸਾਰੇ ਦਾ ਸਾਰਾ ਜਿਸਮ ਸੁਆਦ ਸੁਆਦ ਹੋ ਜਾਂਦਾ ਹੋਵੇ।

—ਫਿਰ ਉਹ ਉਦਾਸ ਹੋ ਜਾਂਦੀ ਹੈ ਤੇ ਅੱਖਾਂ ਨੀਮ ਤਰ। ਬਿਸਤਰ ਤੇ ਪਈ ਹਨੇਰੇ ਵਿਚ ਲਿਪਟੀ ਦੇ ਦੋਵੇਂ ਹੱਥ ਉੱਠਦੇ ਹਨ ਤੇ ਉਸਦੀ ਛਾਤੀ ਤੇ ਜਾ ਟਿਕਦੇ ਜਿਵੇਂ ਉਹ ਅੰਦਰੋਂ ਉਠਦੇ ਉਬਾਲ ਨੂੰ, ਰੋਕ ਲਾ ਰਹੀ ਹੋਵੇ ਫਿਰ ਉਹ ਕਈ ਵਾਰ ਕੁਝ ਗੁਣਗੁਣਾਣ ਲੱਗਦੀ ਪਰ ਉਸਦਾ ਗੀਤ ਕਿਸੇ ਵੀ ਨਾ ਸੁਣਿਆ ਜਾਂ ਹੋ ਸਕਦਾ ਕਿਸੇ ਸੁਣਨ ਦੀ ਕੋਸ਼ਿਸ਼ ਹੀ ਨਾ ਕੀਤੀ ਹੋਵੇ। —ਇਕ ਰਾਤ ਉਸਦੇ ਆਲ੍ਹਣੇ ਵਿਚ ਇਕ ਅਜਨਬੀ ਆਇਆ। ਉਹ ਘਬਰਾਈ ਤੇ ਡਰ ਨਾਲ ਸੁੰਗੜ ਗਈ। ਉਂਜ ਉਹ ਸੁੰਗੜਨਾ ਨਹੀਂ ਸੀ ਚਾਹੁੰਦੀ। ਉਸਦੀਆਂ ਬੁੱਲ੍ਹੀਆਂ ਤੇ ਥਰਕਦਾ ਗੀਤ ਡੌਰ ਭੌਰ ਹੋ ਗਿਆ। ਅਜਨਬੀ ਤਾੜ ਗਿਆ ਕਿ ਰੰਚਨਾ ਦੀਆਂ ਅੱਖਾਂ ਵਿਚ ਸ਼ਰਬਤੀ ਰੰਗ ਘੁਲਿਆ ਹੋਇਆ ਹੈ। ਅਜਨਬੀ ਨੇ ਰੰਚਨਾ ਦੇ ਗੀਤ ਨੂੰ ਗਹੁ ਨਾਲ ਸੁਣਿਆ ਤੇ ਜਿਵੇਂ ਉਹ ਇਕ ਕਾਂਬੇ ਜਿਹੇ ਝੰਜੋੜਿਆ ਗਿਆ ਹੋਵੇ।

—ਰੰਚਨਾ ਦੀ ਉਮਰ ਹੁਣ ਇੰਨ੍ਹੀ ਹੈ ਕਿ ਉਸਨੂੰ ਵਫ਼ਾ ਸ਼ਬਦ ਦੇ ਅਰਥ ਦੀ ਕੋਈ ਸਾਰ ਨਹੀਂ। ਪਰ ਛਾਤੀਆਂ ਪੱਤਣਾਂ ਦੇ ਤਾਰੂ ਅਜਨਬੀ ਨੂੰ ਵਫ਼ਾ ਸ਼ਬਦ ਦੇ ਅਰਥ ਸਮਝਾ ਦਿਤੇ। ਅਜਨਬੀ ਨੇ ਰੰਚਨਾ ਨੂੰ ਆਪਣੇ ਦਿਲ ਦਾ ਮਾਸ ਖੁਆਇਆ। ਰੰਚਨਾ ਨੇ ਉਸ ਅਗੇ ਆਪਣੀਆਂ ਤਲੀਆਂ ਅੱਡ ਦਿੱਤੀਆਂ। ਤੇ ਅਜਨਬੀ ਨੇ ਉਨ੍ਹਾਂ ਤੇ ਇਕ ਰੇਖਾ ਖਿੱਚ ਦਿੱਤੀ ਤੇ ਉਸਦੇ ਬਰਫ਼ ਵਰਗੇ ਜਿਸਮ ਨੂੰ ਜਿਵੇਂ ਅਗਨੀ ਜਿਹੀ ਛੁਹਾ ਦਿਤੀ ਗਈ ਹੋਵੇ।

—ਰੰਚਨਾ ਹੁਣ ਜਦੋਂ ਵੀ ਸੌਂਦੀ ਹੈ ਤਾਂ ਉਸਨੂੰ ਨੀਂਦ ਨਹੀਂ ਆਉਂਦੀ। ਕਈ ਵਾਰ ਤਾਂ ਕਹਿੰਦੇ ਨੇ ਉਹ ਝੱਲੀ ਵੀ ਹੋ ਜਾਂਦੀ ਹੈ ਤੇ ਲੱਗਦਾ ਹੈ ਜਿਵੇਂ ਉਹ ਨਬਾਲਗ ਹੁੰਦੀ ਹੋਈ ਵੀ ਬਾਲਗ ਹੋ ਗਈ ਹੋਵੇ...ਤੇ ਉਸਦਾ ਫੈਲਿਆ ਪ੍ਰਛਾਵਾਂ ਜਿਵੇਂ ਹੋਰ ਫੈਲ ਰਿਹਾ ਹੋਵੇ।

ਰੰਚਨਾ ਜਦੋਂ ਵੀ ਕੁਝ ਵੀ ਯਾਦ ਕਰਦੀ ਹੈ ਤਾਂ ਉਸਦੀਆਂ ਅੱਖਾਂ ਵਿਚ ਮਾਤਮ ਦੇ ਛੱਲੇ ਉਭਰ ਆਉਂਦੇ ਹਨ। ਗੋਰੇ ਚੇਤਰ ਵਰਗੇ ਮੂੰਹ ਨੂੰ ਉਦਾਸੀ ਘੇਰ ਲੈਂਦੀ ਹੈ। ਉਸਦੀਆਂ ਅੱਡੀਆਂ 'ਚੋਂ ਇਕ ਝਰਨਾਹਟ ਉੱਠਦੀ ਤੇ ਉਸਦੇ ਸਾਰੇ ਦੇ ਸਾਰੇ ਨੂੰ ਝੂਣ ਝੂਣਾ ਦਿੰਦੀ। ਫਿਰ ਉਸਦਾ ਪਿੰਡਾ ਇਕ ਹੌਕਾ ਭਰਦਾ। ਫਿਰ ਉਹ ਆਪਣੇ ਪਿੰਡੇ ਦੀ ਅੱਗ ਨੂੰ ਸਾਂਭ ਨਾ ਸਕਦੀ। ਠੰਡੀਆਂ ਠਾਰ ਪੌਣਾਂ ਇਸ ਹੌਕੇ ਨੂੰ ਸੁਣਦੀਆਂ ਤੇ ਸਿਸਕੀ ਭਰਕੇ ਖਿਲਾਅ ਵਿਚ ਅਲੋਪ ਹੋ ਜਾਂਦੀਆਂ।

—ਅਜਨਬੀ ਇਸੇ ਤਾਕ ਵਿੱਚ ਸੀ। ਉਸਨੂੰ ਆਪਣਾ ਜਾਦੂ ਅਸਰ ਕਰਦਾ ਜਾਪਿਆ। ਉਸਨੇ ਮੱਛੀ ਨੂੰ ਆਪਣੇ ਜਾਲ ਵਿਚ ਫਾਹਿਆ ਤੇ ਫਿਰ ਆਪਣੇ ਘੜੇ ਵਿਚ ਛੱਡ ਦਿਤਾ। ਮੱਛੀ ਦੇ ਮਾਸ ਦੀ ਗੰਧ ਘੜੇ ਵਿਚ ਪਸਰੀ ਹੋਈ ਹੈ ..ਤੇ ਰੰਚਨਾ ਇਸੇ ਵਿਚ ਸੰਤੁਸ਼ਟ ਹੈ।

—ਰੁੱਖਾਂ ਦੇ ਸਾਏ ਕਈ ਵਾਰ ਕੰਬਦੇ। ਦਰੱਖ਼ਤਾਂ ਦੇ ਪੱਤੇ ਕਈ ਵਾਰ ਤਾੜੀਆਂ ਮਾਰ ਖਾਮੋਸ਼ੀ ਭੰਗ ਕਰਦੇ ਪਰ ਕਿਸੇ ਦਾ ਧਿਆਨ ਨਾ ਟੁੱਟਦਾ। ਕੰਧਾਂ ਨੇ ਇਸ ਗੱਲ ਨੂੰ ਸੁਣਿਆ-ਅਣਸੁਣਿਆ ਕਰ ਦਿੱਤਾ। ਧੁਪ ਇਸ ਭੇਦ ਤੋਂ ਜਾਣੂ ਸੀ...ਪਰ ਗੱਲ ਤੁਰਦੀ ਤੁਰਦੀ ਤੁਰਦੀ ਗਈ। ਹੁਣ ਜੋ ਵੀ ਕੋਈ ਇਸ ਗੱਲ ਨੂੰ ਸੁਣਦਾ ਹੈ ਝੱਟ ਆਪਣੇ ਮੂੰਹ ਵਿਚ ਪਾ ਨਿਗਲ ਜਾਂਦਾ ਹੈ ਹਾਲਾਂ ਕਿ ਅਜਿਹੀ ਗੱਲ ਪਚਣ ਵਾਲੀ ਨਹੀਂ। ਚੁਲ੍ਹੇ ਦੀ ਅੱਗ ਸੁਆਹ ਵਿਚ ਦੱਬੀ ਗਈ ਤੇ ਸੌਂ ਗਈ ਜਾਂ ਹੋ ਸਕਦਾ ਹੈ ਜ਼ਿੰਦਗੀ ਵਿਚ ਕਿਸੇ ਨੂੰ ਐਨੀ ਵਿਹਲ ਹੀ ਨਾ ਹੋਵੇ ਕਿ ਉਹ ਕੰਨ ਕੰਨ ਤੀਕ ਇਸ ਗੱਲ

ਕਹਾਣੀ ਲਿਖਦਿਆਂ ਵੀ ਮੈਂ ਇੰਜ ਅਨੁਭਵ ਕਰ ਰਿਹਾ ਹੁੰਦਾ ਹਾਂ ਜਿਵੇਂ ਕੋਈ ਕਵਿਤਾ ਹੀ ਲਿਖ ਰਿਹਾ ਹੋਵਾਂ। ਇਹੀ ਕਾਰਨ ਹੈ ਕਿ ਮੇਰੀਆਂ ਕਈ ਨਜ਼ਮਾਂ ਕਹਾਣੀ ਪਾਉਂਦੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਕਈ ਕਹਾਣੀਆਂ ਕਵਿਤਾ। ਭਾਵੇਂ ਮੈਂ ਕਹਾਣੀਆਂ ਕੋਈ ਬਹੁਤੀਆਂ ਨਹੀਂ ਲਿਖੀਆਂ। ਫਿਰ ਵੀ ਮੈਂ ਇਸ ਤਲਾਸ਼ ਵਿਚ ਰਹਿੰਦਾ ਹਾਂ ਕਿ ਕਵਿਤਾ ਤੇ ਨਾ ਸਹੀ ਘੱਟੋ ਘੱਟ ਕਹਾਣੀ 'ਤੇ ਹਰ ਵਾਰ ਕੋਈ ਨਵਾਂ ਤਜਰਬਾ ਕਰਾਂ।

ਦਾ ਗੰਗਾ ਗਾਉਂਦਾ ਫਿਰੇ । ਇਹ ਗੱਲ ਮੈਂ ਨਹੀਂ ਕਹਿੰਦਾ ਸਗੋਂ ਮੇਰੇ ਸ਼ਹਿਰ ਦੇ ਲੋਕਾਂ ਦੀ ਸੋਚਣੀ ਹੈ...

—ਫਿਰ ਇਕ ਦਿਨ ਲੋਕਾਂ ਨੇ ਇਹ ਸੁਣਿਆ ਕਿ ਅਜਨਬੀ ਦੀ ਇਕ ਬੜੀ ਖ਼ੂਬਸੂਰਤ ਬੀਵੀ ਹੈ ਪਰ ਉਹ ਫਿਰ ਵੀ ਖੁਸ਼ ਨਹੀਂ ।

—ਤੇ ਫਿਰ ਇਕ ਦਿਨ ਲੋਕਾਂ ਨੇ ਇਹ ਵੀ ਸੁਣਿਆ ਕਿ ਅਜਨਬੀ ਦਾ ਇਕ ਪਲਾਸਟਕ ਵਰਗਾ ਬੱਚਾ ਵੀ ਹੈ ਪਰ ਉਹ ਫਿਰ ਵੀ ਖੁਸ਼ ਨਹੀਂ ।

—ਫਿਰ ਇਕ ਦਿਨ ਇਹ ਵੀ ਸਕੂਲ ਸੁਣਨ ਵਿਚ ਆਇਆ ਕਿ ਮੀਆਂ ਬੀਵੀ ਵਿਚ ਅਕਸਰ ਅਣਬਣ ਰਹਿੰਦੀ ਹੈ । ਤੇ ਅਜਨਬੀ ਆਪਣੀ ਬੀਵੀ ਨੂੰ ਬੜੀ ਨਫ਼ਰਤ ਕਰਦਾ ਹੈ । ਰੰਚਨਾ ਜਦ ਵੀ ਅਜਿਹੀਆਂ ਗੱਲਾਂ ਸੁਣਦੀ ਹੈ ਤਾਂ ਹੱਸ ਛੱਡਦੀ ਹੈ । ਉਸਦਾ ਵਿਸ਼ਵਾਸ ਹੈ ਕਿ ਇਹ ਗੱਲਾਂ ਝੂਠ ਹਨ । ਰੰਚਨਾ ਜਦ ਇਸ ਤਰ੍ਹਾਂ ਸੋਚਦੀ ਹੈ ਤਾਂ ਡਰ ਨਾਲ ਕੰਬ ਜਾਂਦੀ ਹੈ । ਉਸਦੇ ਜੀਅ ਵਿਚ ਇਕ ਕਚਿਆਣ ਜਿਹੀ ਭਰ ਜਾਂਦੀ ਹੈ । ਬਕਬਕੀ ਜਿਹੀ ਕਚਿਆਣ...।

—ਅਜਨਬੀ ਸਦਾ ਸ਼ਹਿਰ ਦੀ ਅਜੇਹੀ ਗਲੀ ਵਿਚ ਗੁਜ਼ਰਦਾ ਹੈ ਜਿਸਦੀਆਂ ਨਾਲੀਆਂ ਵਿਚ ਕੀਟਾਣੂੰ ਕੁਰਬਲ ਕੁਰਬਲ ਕਰਦੇ ਫਿਰ ਰਹੇ ਹਨ ।

—ਅਜਨਬੀ ਜਦੋਂ ਸ਼ਹਿਰ ਦੀਆਂ ਸੜਕਾਂ ਤੋਂ ਦੀ ਲੰਘਦਾ ਹੈ ਤਾਂ ਕੂੜੇ ਕਰਕਟ ਵਿਚੋਂ ਉਡਦਾ ਮੱਛਰ ਉਸਦਾ ਰਾਹ ਰੋਕ ਲੈਂਦਾ ਹੈ...ਰੰਚਨਾ ਸੋਚਦੀ ਹੈ ।

—ਇਸ ਬਾਗ ਦੇ ਸਾਰੇ ਫੁਲ ਬਾਸੀ ਹਨ ..ਅਜਨਬੀ ਸੋਚਦਾ ਹੈ ।

ਰੰਚਨਾ ਦੀ ਉਮਰ ਹੁਣ ਏਨੀ ਹੈ ਕਿ ਜੇ ਕੋਈ ਉਸਤੋਂ ਵਡ਼ਾ ਸ਼ਬਦ ਦੇ ਅਰਥ ਪੁਛੇ ਤਾਂ ਉਹ ਸ਼ਰਮਾ ਜਾਂਦੀ ਹੈ ਜਾਂ ਫਿਰ ਉੱਚੀ ਉੱਚੀ ਰੋਣ ਲੱਗ ਪੈਂਦੀ ਹੈ । ਹੋ ਸਕਦਾ ਹੈ ਕਿ ਉਸਦੇ ਸੀਨੇ ਦਾ ਕੋਈ ਪੁਰਾਣਾ ਜ਼ਖ਼ਮ ਉੱਚੜ ਜਾਂਦਾ ਹੋਵੇ ।

—ਕਹਿੰਦੇ ਨੇ ਫਿਰ ਇਕ ਦਿਨ ਸਾਰਾ ਸ਼ਹਿਰ ਚੀਕਿਆ ਤੇ ਸ਼ਹਿਰ ਦੀ ਅਵਾਜ਼ ਸ਼ਹਿਰ ਦੀ ਵੱਡੀ ਕੋਠੀ ਦੀਆਂ ਦੀਵਾਰਾਂ ਨੇ ਵੀ ਸੁਣ ਲਈ । ਬਸ ਉਸੇ ਦਿਨ ਤੋਂ ਮੈਨੂੰ ਆਪਣੇ ਸ਼ਹਿਰ ਨਾਲ ਨਫ਼ਰਤ ਹੈ । ਉਸਨੂੰ ਕੀ ਹੱਕ ਹੈ ਕਿ ਐਨੀ ਉੱਚੀ ਚੀਕਦਾ ਫਿਰੇ ਤੇ ਖ਼ਾਹ ਮਖ਼ਾਹ ਕਿਸੇ ਦੇ ਮਾਮਲੇ ਵਿਚ ਦਖਲ ਅੰਦਾਜ਼ੀ ਕਰਦਾ ਫਿਰੇ । ਮੇਰਾ ਸ਼ਹਿਰ ਬਸ ਇਤਨੀ ਕੁ ਅਕਲ ਦਾ ਹੀ ਮਾਲਕ ਹੈ । ਮੈਨੂੰ ਪਤਾ ਹੈ ਉਸ ਦਿਨ ਨੌਤੀ ਸੌ ਛੇਕਾਂ ਵਾਲੀਆਂ ਛਾਨਣੀਆਂ ਹੀ ਚੀਕੀਆਂ ਹੋਣਗੀਆਂ, ਛੱਜ ਨਹੀਂ । ... ਇਹ ਮੈਂ ਸੋਚਦਾ ਹਾਂ ।

ਮੈਨੂੰ ਹੁਣ ਆਪਣੇ ਸ਼ਹਿਰ ਨਾਲ ਭੋਰਾ ਵੀ ਹਮਦਰਦੀ ਨਹੀਂ । ਹਮਦਰਦੀ ਹੈ ਤਾਂ ਸਿਰਫ ਰੰਚਨਾ ਨਾਲ ਜਾਂ ਫਿਰ ਸ਼ਹਿਰ ਦੀਆਂ ਨਾਲੀਆਂ ਵਿਚ ਕੁਰਬਲ ਕੁਰਬਲ ਕਰਦੇ ਕਿਰਮਾਂ ਨਾਲ ।

—ਹੁਣ ਜਦੋਂ ਵੀ ਘਰ ਦੇ ਰੰਚਨਾ ਲਈ ਲੜਕੇ ਦੀ ਤਲਾਸ਼ ਕਰਦੇ ਹਨ ਤਾਂ ਰੰਚਨਾ ਬੇਹੋਸ਼ ਹੋ ਜਾਂਦੀ ਹੈ । ਜਾਂ ਫਿਰ ਉੱਚੀ ਉੱਚੀ ਰੋਣ ਲੱਗ ਪੈਂਦੀ ਹੈ । ਹੋ ਸਕਦਾ ਹੈ ਉਹ ਪਿੱਛੇ ਵਲ ਮੁੜਕੇ ਗੁਜ਼ਰੀ ਜ਼ਿੰਦਗੀ ਨੂੰ ਵੇਖ ਰਹੀ ਹੋਵੇ ਤੇ ਉਸ ਨੂੰ ਉਦਾਸੀ ਘੇਰ ਲੈਂਦੀ ਹੋਵੇ । ਉਦਾਸ ਉਹ ਇਸ ਕਰਕੇ ਨਹੀਂ ਕਿ ਉਸ 'ਤੇ ਲੋਹੜੇ ਦਾ ਰੂਪ ਕਿਉਂ ਆਇਆ ਜਾਂ ਉਹ ਇਕੋ ਵੇਲੇ ਐਨੀ ਜੁਆਨ ਕਿਉਂ ਹੋ ਗਈ । ਸਗੋਂ ਝੋਰਾ ਉਸ ਨੂੰ ਇਸ ਗੱਲ ਦਾ ਹੈ ਕਿ ਉਸਦਾ ਪ੍ਰਛਾਵਾਂ ਇਕ ਦਮ ਐਨਾ ਕਿਉਂ ਫੈਲ ਗਿਆ ।

ਐਨ. ਐਨ. ਆਰੀਆ ਹਾਈ ਸਕੂਲ,
ਤਪਾ ਮੰਡੀ, (ਜ਼ਿਲਾ ਸੰਗਰੂਰ)

O

# ਇੱਧਰ ਧਰਤੀ-ਉੱਧਰ ਧਰਤੀ/

ਮੋਹਨ ਸਿੰਘ ਮਹਿਰਮ

ਉਸਦਾ ਮੁਰਦਾ ਜਿਸਮ ਕੰਡੇਦਾਰ ਤਾਰ ਤੇ ਪਿਆ ਸੀ, ਅੱਧਾ ਇੱਧਰ, ਅੱਧਾ ਉੱਧਰ ।

ਅਜੇ ਕੁਝ ਚਿਰ ਪਹਿਲਾਂ ਹੀ ਉਸਦੇ ਫੇਫੜਿਆਂ ਦਾ ਰਿਸ਼ਤਾ ਬਾਹਰ ਦੀ ਹਵਾ ਨਾਲ ਜੁੜਿਆ ਹੋਇਆ ਸੀ...

ਅਜੇ ਹੁਣੇ ਹੀ ਤਾਂ ਉਸਦੇ ਜਿਸਮ ਵਿਚ ਵਗਦੇ ਲਹੂ ਦਾ ਨਿੱਘ ਉਸਦਾ ਸਾਥ ਦੇ ਰਿਹਾ ਸੀ...

ਪਰ ਹੁਣ ਬਲ ਰਹੇ ਸਰਕੜੇ ਦਾ ਧੂੰਆਂ ਹੀ ਉਸਦੇ ਜਿਸਮ ਉਤੇ ਜੰਮਦਾ ਜਾ ਰਿਹਾ ਸੀ । ਉਹ ਨਿਸਤੇਜ ਪਿਆ ਸੀ—ਕਿਸੇ ਵੀ ਹਰਕਤ ਤੋਂ ਸਦਾ ਲਈ ਊਣਾ ਹੋ ਚੁਕਿਆ ਸੀ । ਉਸਦਾ ਸਰੀਰ, ਇਥੋਂ ਤੱਕ ਕਿ ਪੋਹ ਦੀ ਠੰਡੀ ਸੀਤ ਹਵਾ ਵੀ ਉਸਨੂੰ ਆਪਣੀ ਹੋਂਦ ਦਾ ਅਹਿਸਾਸ ਨਹੀਂ ਸੀ ਕਰਵਾ ਸਕਦੀ ।

ਹਵਾ ਵਿਚ ਅਜੇ ਵੀ ਬਾਰੂਦ ਦੀ ਗੰਧ ਸੀ । ਅਜੇ ਵੀ ਰੁੱਖਾਂ ਦੇ ਹਰੇ ਮਾਂਸਲ ਜਿਸਮ ਧੁਖਦੇ ਛਹਿੰਦੇ ਜਾ ਰਹੇ ਸਨ—ਸਿਰਫ ਕੁਰਲਾਹਟ ਸੀ, ਕੰਨਾਂ ਦੀ ਪਹੁੰਚ ਤੋਂ ਦੂਰ । ਪਰ੍ਹਾਂ

ਕਿਤੇ ਲੱਗੀ ਹੋਈ ਅੱਗ ਇਸ ਪਹੁ-ਫੁਟਾਲੇ ਵਿਚ ਵੀ ਲਟ ਲਟ ਬਲਦੀ ਵਿਖਾਈ ਦੇ ਰਹੀ ਸੀ।

ਸਾਬ—ਇਕ ਦਿਨ ਉਸਨੇ ਡਰਦਿਆਂ ਡਰਦਿਆਂ ਆਪਣੇ ਸਾਹਿਬ ਤੋਂ ਪੁੱਛਿਆ ਸੀ—ਇਹ ਜੰਗ ਕਿਉਂ ਲਗਦੀ ਐ ? ਵਾਧੂ ਨੁਕਸਾਨ ਹੁੰਦਾ ਐ . . .

ਹਸਪਤਾਲ ਦੇ ਮੰਜੇ ਤੇ ਪਏ ਉਸਦੇ ਸਾਹਿਬ ਦੇ ਚਿਹਰੇ ਤੇ ਇਕ ਅਜੀਬ ਜਿਹੀ ਮੁਸਕਾਣ ਭਟਕਦੀ ਸੀ—ਤੂੰ ਤਾਂ ਬੇਵਕੂਫ ਐਂ। ਇਹ ਕੋਈ ਅੱਜ ਦੀ ਬਾਤ ਐ, ਇਹ ਤਾਂ ਜੁੱਗਾਂ ਤੋਂ ਹੁੰਦਾ ਆ ਰਿਹੈ . . . ਹੁਣ ਮੈਨੂੰ ਹੀ ਦੇਖ, ਮੇਰਾ ਸਾਰਾ ਲਹੂ ਜ਼ਹਿਰ ਬਣਦਾ ਜਾ ਰਿਹਾ ਐ . . . ਮੈਂ ਜਾਣਦਾ ਹਾਂ ਕਿ ਮੈਂ ਮਰ ਜਾਣਾ ਐ . . . ਮਹੀਨਾ, ਦੋ ਮਹੀਨੇ . . . ਕਿਸੇ ਵੀ ਦਿਨ। ਤੇ ਆਦਮੀ ਨੂੰ ਦੇਖ, ਜ਼ਹਿਰ ਪੀਂਦਿਆਂ ਵੀ ਪਤਾ ਨੀ ਲਗਦਾ ... ਅਸਰ ਹੌਲੀ ਹੌਲੀ ਹੁੰਦਾ ਐ . . . ਹੌਲੀ ਹੌਲੀ ਜ਼ਹਿਰ ਵਧਾਉਂਦੇ ਨੇ . . . ਅਣਿਆਈ ਮੌਤ ਮਰਦਾ ਰਹਿੰਦਾ ਐ ਆਦਮੀ —

ਤੇ ਕਿੰਨੀ ਭਿਆਨਕ ਸੀ ਸਾਹਿਬ ਦੀ ਦੱਸੀ ਉਹ ਬਾਤ—

—ਰੋਮ 'ਚ ਇਕ ਰਾਜਾ ਸੀ। ਜਦੋਂ ਵੀ ਦੇਸ਼ 'ਚ ਭੁੱਖ ਅਤੇ ਗਰੀਬੀ ਵਧਦੀ, ਲੋਕ ਹਾਹਾਕਾਰ ਕਰਦੇ—ਉਸਦੇ ਬੁਲ੍ਹ ਫਰਕ ਉਠਦੇ। ਉਸਨੂੰ ਅਚਾਨਕ ਹੀ ਲੋਕਾਂ ਦੇ ਦਿਲ-ਪਰਚਾਵੇ ਦਾ ਖਿਆਲ ਆ ਜਾਂਦਾ। ਖੂੰਖਾਰ ਜਾਨਵਰਾਂ ਦੀਆਂ ਲੜਾਈਆਂ ਵਿਖਾਈਆਂ ਜਾਂਦੀਆਂ, ਲੋਕ ਖੁਸ਼ ਹੁੰਦੇ—ਜੋਸ਼ ਵਿਚ ਆ ਜਾਂਦੇ। ਰਾਜਾ ਹੱਸਦਾ ਰਹਿੰਦਾ—ਕੈਦੀਆਂ ਨੂੰ ਭੁੱਖੇ ਸ਼ੇਰਾਂ ਅਗੇ ਸੁਟਵਾ ਦਿੰਦਾ । ਔਰਤਾਂ ਨੂੰ ਖੰਭਿਆਂ ਨਾਲ ਜਕੜ ਕੇ ਜੰਗਲ ਰਿੱਛ ਛੱਡ ਦਿੱਤੇ ਜਾਂਦੇ — ਲੋਕ ਹੱਸਦੇ, ਚੀਕਾਂ ਮਾਰਦੇ ਤੇ ਜੋਸ਼ ਵਿਚ ਆ ਕੇ ਇਕ ਦੂਜੇ ਨੂੰ ਵੱਢਣਾ ਟੁੱਕਣਾ ਸ਼ੁਰੂ ਕਰ ਦਿੰਦੇ। ਭੀੜ-ਭੜੱਕੇ ਵਿਚ ਲਿਤੜਦੇ ਲਿਤੜਾਉਂਦੇ ਇਕ ਦੂਜੇ ਨੂੰ ਮਾਰ ਮੁਕਾਈ ਜਾਂਦੇ—ਜਿਹੜੇ ਬਚ ਜਾਂਦੇ, ਨਦੀ ਦਾ ਪਾਣੀ ਛੱਡ ਕੇ ਰੋੜ੍ਹ ਦਿਤੇ ਜਾਂਦੇ। ਆਪ ਰਾਜਾ ਉੱਚੇ ਆਸਣ ਤੇ ਬੈਠਾ ਹੱਸਦਾ ਰਹਿੰਦਾ, ਹੱਸਦਾ ਰਹਿੰਦਾ —

ਪਤਾ ਨੀ ਇਹ ਰੋਮ ਕਿਹੜਾ ਦੇਸ ਐ—ਜ਼ਰੂਰ ਉਹ ਰਾਜਾ ਹੁਣ ਵੀ ਜਿਉਂਦਾ ਹੋਣੈ, ਉਹ ਸੋਚਦਾ।

ਹਾਂ ਪੁੱਤ—ਤੇ ਅਜਿਹੇ ਸਮੇਂ ਉਸਨੂੰ ਆਪਣੇ ਬਾਪੂ ਦੀਆਂ ਗੱਲਾਂ ਦਾ ਚੇਤਾ ਆ ਜਾਂਦਾ—ਆਪਣਾ ਧਰਮ ਜੁ ਹੋਰ ਸੀ, ਤਾਹੀਓਂ ਤਾਂ ਆਪਾਂ ਨੂੰ ਘਰ ਟੀਂਡਾ ਛੱਡ ਕੇ ਮੁਰਦਿਆਂ ਵਾਲੀ ਗੱਡੀ 'ਚ ਲੁਕ ਕੇ ਆਉਣਾ ਪਿਆ ਸੀ—ਤੂੰ ਤਾਂ ਜਮਾ ਈ ਨਿੱਕਾ ਜਿਹਾ ਸੀ—ਤੇ ਇਸ ਤੋਂ ਪਹਿਲਾਂ ਕਿ ਉਸਦੀ ਮਾਂ ਨਾਲ ਬੀਤੀ ਬਾਰੇ ਕੁਝ ਦਸ ਸਕਦਾ, ਬਾਪੂ ਦੇ ਅੱਥਰੂਆਂ ਵਿਚ ਜਿਵੇਂ ਸ਼ਬਦ ਰੁੜ ਜਾਂਦੇ—

ਤੇ ਪਿਛਲੇ ਕਈ ਦਿਨਾਂ ਦੀ ਭਿਅੰਕਰ ਲੜਾਈ ਨੇ ਉਸਦੇ ਸੀਨੇ ਵਿਚੋਂ ਵਾਰ ਵਾਰ ਕਰਕੇ ਕਿੰਨੇ ਹੀ ਰੁੱਗ ਭਰ ਲਏ ਸਨ।

ਉਹ ਤੇ ਉਸਦੇ ਕੁਝ ਕੁ ਸਾਥੀ ਮੌਤ ਨਾਲ ਲੋਹਾ ਲੈ ਰਹੇ ਸਨ। ਕਦੀ ਜ਼ੋਰ ਤਾਣ ਲਾਕੇ ਅਗੇ ਵਧ ਜਾਂਦੇ, ਕਦੀ ਸਾਹਮਣਿਉਂ ਆਉਂਦੀ ਮਾਰ ਨੂੰ ਨਾ ਸਹਾਰਦੇ ਪਿੱਛੇ ਵੀ ਹਟਦੇ। ਤਿੰਨ ਪਾਸਿਆਂ ਤੋਂ ਪੂਰੀ ਤਰ੍ਹਾਂ ਘਿਰ ਜਾਣ ਕਾਰਨ ਸਪਲਾਈ ਵੀ ਪਿਛੋਂ ਪੂਰੀ ਨਹੀਂ ਸੀ ਹੋ ਰਹੀ।

ਕਲ ਸਵੇਰੇ ਜਿਹੇ ਜਦੋਂ ਉਹ ਆਪਣੇ ਗੁਆਚੇ ਹੋਏ ਇਕ ਸਾਥੀ ਦੇ ਭੁਲੇਖੇ ਜਿਸ ਬੰਦੇ ਨੂੰ ਚੁਕ ਲਿਆਇਆ ਸੀ, ਉਸਨੂੰ ਵੇਖਦੇ ਹੀ ਉਸਦਾ ਅਫਸਰ ਚੀਕਿਆ ਸੀ—ਬੇਵਕੂਫ ! ਇਹ ਤਾਂ ਦੁਸ਼ਮਨ ਦਾ ਆਦਮੀ ਐ।

ਤੇ ਅਚਾਨਕ ਆਉਂਦੀ ਗੋਲੀਆਂ ਦੀ ਬੁਛਾੜ ਤੋਂ ਬਚਣ ਲਈ ਆਪਣੇ ਆਪ ਨੂੰ ਟਰੈਂਚ ਵਿਚ ਸੁਟਦਾ ਹੋਇਆ ਉਹ ਸੋਚ ਰਿਹਾ ਸੀ, ਕਿੰਨਾ ਮਿਲਦਾ ਐ ਮੜੰਗਾ—

ਇਸ ਭਿਆਨਕ ਮਾਹੌਲ ਵਿਚ ਵੀ ਕਈ ਵਾਰ ਉਸਨੂੰ ਬੇਗਾਨੇ ਖੇਤਾਂ ਵਿਚ ਕੰਮ ਕਰਦੇ ਆਪਣੇ ਬਾਪੂ ਦਾ ਚਿਹਰਾ ਨਜ਼ਰ ਆਇਆ ਸੀ, ਜਾਂ ਫਿਰ ਅਕਸਰ ਅੱਖਾਂ ਅਗੇ ਆ ਜਾਂਦਾ ਸੀ। ਚਿੱਟੇ ਕਪੜਿਆਂ ਵਾਲੀ ਉਸ ਪਿਆਰੀ ਜਿਹੀ ਕੁੜੀ ਦਾ ਹਵਾ ਵਿਚ ਲਹਿਰਾਉਂਦਾ ਛੋਟਾ ਜਿਹਾ ਹੱਥ ਜਿਸਨੇ ਆਪਣੇ ਪਿੰਡ ਦੇ ਸਕੂਲ ਦੀ ਇਕ ਨੁੱਕਰੇ ਖੜੋਕੇ ਉਸਦੇ 'ਕਾਨਵਾਈ' ਨੂੰ ਅਲਵਿਦਾ ਕਿਹਾ ਸੀ।

ਤੇ ਦੋਹਾਂ ਦੇ ਵਿਚਕਾਰ ਸੀ ਲੰਮੇ ਥੋਹਰਾਂ ਵਾਲੀ ਬਾੜ—

ਗੱਲਾਂ ਕਿੰਨੀਆਂ ਹਨ—ਤੇਰੀਆਂ, ਮੇਰੀਆਂ ਤੇ ਸਾਰਿਆਂ ਦੀਆਂ। ਦੁੱਖ ਅਤੇ ਸੁੱਖ ਵਿਚਕਾਰ ਦੀ ਵੰਡ-ਰੇਖਾ ਤਾਂ ਸਦਾ ਹੀ ਸੱਪ ਵਾਂਗ ਵਲ ਪਾਉਂਦੀ ਰਹਿੰਦੀ ਹੈ ਤੇ ਨਾਲ ਹੀ ਜਨਮ ਦਿੰਦੀ ਹੈ ਉਨ੍ਹਾਂ ਗੱਲਾਂ ਨੂੰ ਜੋ ਦਿਲ ਢੂੰਢਦੀਆਂ ਹਨ, ਜੋ ਨਿੱਘ ਭਾਲਦੀਆਂ ਹਨ। ਆਉ, ਉਨ੍ਹਾਂ ਗੱਲਾਂ ਨੂੰ ਹਾਣ ਦੇਈਏ, ਜਿੰਨ੍ਹਾਂ ਨੇ ਧਰਤੀ ਦੀ ਸਾਂਝ ਵਿਚੋਂ ਉੱਗਣਾ ਹੈ ਤੇ ਮਨੁੱਖ ਦੇ ਮੁੜ੍ਹਕੇ ਤੱਕ ਪਹੁੰਚਣਾ ਹੈ।

ਉਹ ਖੂਬ ਲੜਿਆਂ, ਹੌਂਸਲੇ ਨਾਲ ਅਗੇ ਵਧਦਾ ਰਿਹਾ—ਆਪਣੇ ਅਫਸਰਾਂ ਦੇ ਹੁਕਮ ਖਾਤਰ, ਆਪਣੇ ਦੇਸ਼ ਲਈ, ਜੋ ਉਸਦਾ ਆਪਣਾ ਸੀ—ਆਪਣੇ ਦੇਸ਼ ਨਾਲ, ਜੋ ਹੁਣ ਦੁਸ਼ਮਨ ਦਾ ਸੀ—

ਤੇ ਹੁਣ ਤੋਂ ਕੁਝ ਹੀ ਘੰਟੇ ਪਹਿਲਾਂ—

ਰਾਤ ਦੇ ਹਨ੍ਹੇਰੇ ਵਿਚ ਅਚਾਨਕ ਉਸਨੇ ਵੇਖਿਆ, ਉਸਦਾ ਸਿਰਫ ਇਕ ਹੀ ਸਾਥੀ ਉਸਦੇ ਨਾਲ ਜਿਉਂਦਾ ਜਾਗਦਾ ਬਚਿਆ ਸੀ।

ਕੁਝ ਪਤਾ ਨਹੀਂ ਸੀ ਲੱਗ ਰਿਹਾ ਕਿ ਕਿਸ ਪਾਸੇ ਦੇ ਉਜੜੇ ਹੋਏ ਪਿੰਡ ਦੀਆਂ ਬੀਹੀਆਂ ਵਿਚ ਉਹ ਭਟਕ ਰਹੇ ਸਨ।

ਅਚਾਨਕ ਇਕ ਮੋੜ ਮੁੜਦਿਆਂ ਹੀ ਉਨ੍ਹਾਂ ਨੂੰ ਸਾਹ ਰੋਕ ਲੈਣੇ ਪਏ—

ਨਾਲ ਲਗਦੇ ਘਰ ਵਿਚੋਂ ਕੁਝ ਚੀਕ-ਚਿਹਾੜਾ ਸ਼ੁਰੂ ਹੋਇਆ, ਕਿਸੇ ਬੁੱਢੀ ਆਵਾਜ਼ ਤੇ ਤਰਲੇ ਸੁਣਾਈ ਦਿਤੇ, ਕੁਝ ਲੋਕ ਬੁਰੀ ਤਰ੍ਹਾਂ ਨਾਲ ਹੱਸ ਰਹੇ ਸਨ—ਉੱਚੀ ਉੱਚੀ—

ਉਨ੍ਹਾਂ ਨੇ ਲਾਗਲੀ ਕੰਧ ਉਤੋਂ ਦੀ ਵੇਖਿਆ, ਪਰ੍ਹਾਂ ਇਕ ਕਮਰੇ ਦੇ ਦਰਵਾਜ਼ੇ ਉਹਲੇ ਕੁਝ ਫੌਜੀ ਬੂਟਾਂ ਤੇ ਸਿਰ ਰਖੀ ਇਕ ਬੁਢਾ ਰੋਈ ਜਾ ਰਿਹਾ ਸੀ। ਕੁਝ ਭਾਂਡੇ ਇੱਧਰ ਉੱਧਰ ਰੁੜਦੇ ਫਿਰ ਰਹੇ ਸਨ।

ਲਾਲਟੈਨ ਦੀ ਨਿੰਮੀ ਲੋਅ ਵਿਚ ਫਰਸ਼ ਤੇ ਕੁਝ ਕਪੜੇ ਖਿਲਰੇ ਨਜ਼ਰ ਆ ਰਹੇ ਸਨ, ਸ਼ਾਇਦ ਇਕ ਪੱਗ ਸੀ, ਇਕ ਸਲਵਾਰ—

ਇਕ ਬੂਟ ਅਚਾਨਕ ਲਹਿਰਾ ਕੇ ਬੁੱਢੇ ਦੀ ਠੋਡੀ ਨਾਲ ਜਾ ਟਕਰਾਇਆ। ਤੇ ਬਾਹਰੋਂ ਵੇਖਦੇ ਦਾ ਉਸਦਾ ਖ਼ੂਨ ਖੌਲ ਉਠਿਆ।

ਮੈਂ ਵੇਖਦਾ—ਮੁੱਠੀਆਂ ਮੀਚਦਿਆਂ ਉਸਨੇ ਆਪਣੇ ਸਾਥੀ ਨੂੰ ਰੁਕਣ ਦਾ ਇਸ਼ਾਰਾ ਕੀਤਾ।

ਪਾਗਲਾ ਰੁਕ ਜਾ—ਨਾਲ ਵਾਲੇ ਨੇ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ—ਬੰਦੇ ਬਹੁਤੇ ਨੇ—ਭੌਰੇ ਆਪਣੇ ਈ ਹੋਣ—

ਕੋਈ ਹੋਣ—ਉਸਦੇ ਸਰੀਰ ਦੀ ਨਸ ਨਸ ਵਿਚ ਜੋਸ਼ ਦਾ ਸਾਗਰ ਉਛਲ ਪਿਆ, ਉਹ ਆਪਣਾ ਹੱਥ ਛੁਡਾ ਕੇ ਕੰਧ ਟੱਪ ਗਿਆ।

ਛਾਣ ਦੇ—ਛਾਣ ਦੇ ਆਪਣੇ ਲਹੂ 'ਚੋਂ ਜ਼ਹਿਰ—ਜਿਵੇਂ ਕੋਈ ਉਸਦੇ ਰੋਮ ਰੋਮ ਵਿਚੋਂ ਪੁਕਾਰ ਉਠਿਆ।

ਤੇ ਅਗਲੇ ਹੀ ਪਲ ਉਹ ਜਾ ਟੁੱਟਿਆ।

ਪਤਾ ਨਹੀਂ ਕਦੋਂ ਤਕ ਉਹ ਲੜਿਆ, ਪਤਾ ਨਹੀਂ ਕਦੋਂ ਤਕ ਖਾਲੀ ਰਾਈਫਲ ਨੂੰ ਗਦਾ ਵਾਂਗ ਘੁਮਾਈ ਗਿਆ ਪਤਾ ਨਹੀਂ ਕਿੰਨੀਆਂ ਸੱਟਾਂ ਉਸਦੇ ਸਰੀਰ ਨੇ ਸਹਾਰੀਆਂ—ਕਿੰਨੀਆਂ ਗੋਲੀਆਂ—

ਤੇ ਜਦੋਂ ਉਸਨੂੰ ਹੋਸ਼ ਆਈ, ਉਹ ਚੁਫਾਲ ਧਰਤੀ ਤੇ ਪਿਆ ਸੀ—ਪੂਰੀ ਤਰ੍ਹਾਂ ਲਹੂ-ਲੁਹਾਣ। ਸੂਰਜ ਉੱਗਣ ਤੋਂ ਪਹਿਲਾਂ ਦੀ ਰੋਸ਼ਨੀ ਉਸਦੀਆਂ ਲਹੂ ਨਾਲ ਲਿਬੜੀਆਂ ਪਲਕਾਂ ਵਿਚ ਆ ਲਹਿਰਾਈ।

ਗਾਰੇ ਵਿਚ ਗੱਚ ਹੋਏ ਆਪਣੇ ਸਰੀਰ ਨੂੰ ਉਸਨੇ ਧੂਹਣਾ ਸੁਰੂ ਕਰ ਦਿਤਾ—ਉਗਦੇ ਚਾਨਣ ਵੱਲ, ਆਪਣੇ ਘਰ ਵੱਲ—ਦੂਰ—ਕਿਤੇ ਦੂਰ—

ਪਰ ਘਰ ਤਾਂ ਕਿੰਨੀ ਹੀ ਦੂਰ ਸੀ।

ਸਰਕੜੇ ਦੇ ਸੰਘਣੇ ਜੰਮ ਵਿਚ ਕੂਹਣੀਆਂ ਭਾਰ ਰਿੜ੍ਹਦਿਆਂ ਰਿੜ੍ਹਦਿਆਂ ਨੂੰ ਅਗੇ ਕੰਡਿਆਲੀ ਤਾਰ ਆ ਹੀ ਗਈ—

ਤਾਰ ਨੂੰ ਹੱਥ ਪਾਕੇ ਉਸਨੇ ਪੂਰਾ ਜ਼ੋਰ ਲਾਇਆ, ਸਰੀਰ ਨੂੰ ਉਪਰ ਵੱਲ ਨੂੰ ਚੁਕਿਆ—

ਪੂਰਬ ਵਿਚੋਂ ਉੱਗਦੀ ਲਾਲੀ ਵਿਚ ਇਕ ਛੋਟਾ ਜਿਹਾ ਹੱਥ ਲਹਿਰਾਇਆ—

ਤੇ ਅਗਲੇ ਹੀ ਪਲ ਉਸਦਾ ਸਰੀਰ ਕੰਡੇਦਾਰ ਤਾਰ ਤੇ ਝੂਲ ਰਿਹਾ ਸੀ, ਨਿਰਜਿੰਦ—ਅੱਧਾ ਇੱਧਰ, ਅੱਧਾ ਉੱਧਰ..

ਧਰਤੀ ਇੱਧਰ ਵੀ ਸੀ, ਧਰਤੀ ਉੱਧਰ ਵੀ . .

ਮਾਰਫਤ, ਸਟੇਸ਼ਨ ਮਾਸਟਰ,
ਛੀਂਟਾਂ ਵਾਲਾ (ਜ਼ਿਲਾ ਸੰਗਰੂਰ)

o

# ਯਾਤਰਾ

## ਮੋਹਨਜੀਤ

(ਸੁਰਜੀਤ ਪਾਤਰ, ਜੋਗਾ ਸਿੰਘ, ਅਮਿਤੋਜ)

ਅੰਤਰਮੁਖਤਾ ਇਕ ਮੱਕੜੀ ਦਾ ਜਾਲਾ ਹੈ, ਜਿਸ 'ਚ ਫਸਕੇ ਵਿਅਕਤੀ ਉਲਝਦਾ ਹੀ ਜਾਂਦਾ ਹੈ। ਉਪਭਾਵੁਕਤਾ ਤਾਂ ਉਂਝ ਹੀ ਹਾਲਤਾਂ ਦਾ ਠੀਕ ਜਾਇਜ਼ਾ ਨਹੀਂ ਲਗਾ ਸਕਦੀ, ਪਰ ਉਪਭਾਵੁਕ ਅੰਤਰਮੁਖਤਾ ਤਾਂ ਲੇਖਕ ਨੂੰ ਵਧੇਰੇ ਹੀ ਨਿਘਾਰ ਦੇਂਦੀ ਹੈ। ਕਾਫ਼ਕਾ ਕਹਿੰਦਾ ਹੈ! "ਉਸ ਵੇਲੇ ਤਕ ਜਦ ਕਿ ਅਸੀਂ ਕੁਝ ਗਾਥਾਵਾਂ ਸੁਣਨ ਲਈ ਤਿਆਰ ਹੋਵਾਂਗੇ ਤਾਂ ਵਰ੍ਹੇ ਬੀਤ ਗਏ ਹੋਣਗੇ। ਇਸ ਤੋਂ ਪਹਿਲਾਂ ਕਿ ਅਸੀਂ ਉਹਨਾਂ ਨੂੰ ਠੀਕ ਭਾਂਤ ਸਮਝਾਂਗੇ, ਮਨੁੱਖੀ ਜੀਵ ਅਵੱਸ਼ ਮਰ ਜਾਣਗੇ, ਸਾਡੇ ਮਾਂ ਬਾਪ ਵਾਂਗ ਤੇ ਉਸ ਹਰ ਚੀਜ਼ ਵਾਂਗ ਜਿਸਨੂੰ ਅਸੀਂ ਪਿਆਰ ਕਰਦੇ ਹਾਂ ਤੇ ਡਰਦੇ ਹਾਂ।" ਪਰ ਕਹਾਣੀਆਂ ਤਾਂ ਹਮੇਸ਼ਾ ਸਾਡੇ ਸਾਹਮਣੇ ਰਹੀਆਂ ਹਨ। ਇਹ ਹਰ ਜੁੱਗ 'ਚ ਬਣੀਆਂ ਹਨ ਤੇ ਬਣਦੀਆਂ ਹਨ। ਤੇ ਸੁਣਨ ਵਾਲੇ ਸੁਣਦੇ ਵੀ ਨੇ। ਕਿਤੇ, ਅੱਜ ਕਾਫ਼ਕਾ ਹੁੰਦਾ ਤੇ ਵੇਖਦਾ ਜੁ ਇਹ ਸਭ ਗਾਥਾਵਾਂ ਕਿਵੇਂ ਮਨਾਂ ਦੀਆਂ ਕੈਨਵਸਾਂ ਤੇ ਗੂਹੜੇ ਰੰਗਾਂ ਨਾਲ ਚਿਤਰੀਆਂ ਗਈਆਂ ਨੇ। ਪੰਜਾਬੀ ਕਵੀ ਨੇ ਇਹਨਾਂ ਗਾਥਾਵਾਂ ਦੇ ਚੈਲਿੰਜ ਨੂੰ ਕਬੂਲਿਆ ਹੈ। ਜੀਕਣ ਉਹਨੇ ਇਸ ਸੱਚ ਨੂੰ ਭੋਗਿਆ ਹੈ। ਜਦ ਵੀ ਵਿਅਕਤੀ ਸੱਚ ਨੂੰ ਭੋਗਦਾ ਹੈ, ਲਿਖਤ ਰਚਨਾ ਬਣ ਜਾਂਦੀ ਹੈ। ਉਪ੍ਰੋਕਤ ਚੈਲਿੰਜ ਦੀ ਤੇਜ਼ ਧਾਰ ਦੇ ਸਨਮੁੱਖ ਨੇ ਤਿੰਨ ਨੌਜਵਾਨ ਕਵੀ:

ਸੁਰਜੀਤ ਪਾਤਰ/**"ਬੁੱਢੀ ਜਾਦੂਗਰਨੀ ਆਖਦੀ ਹੈ"**

ਜੋਗਾ ਸਿੰਘ/**"ਮਕਤਲ ਮੇਰਾ ਘਰ"**

ਅਮਿਤੋਜ/**"ਦੂਸਰੇ ਪੁਲ ਦੀ ਤਲਾਸ਼ ਵਿਚ"**

o ਸਥਾਪਨਾ ਤੇ ਵਿਦਰੋਹ ਸਦਾ ਇਕ ਦੂਜੇ ਦੇ ਲਹੂ ਦੇ ਤਿਹਾਏ ਰਹੇ ਨੇ। ਸਥਾਪਨਾ ਦੇ ਹੱਥ ਬੜੇ ਲੰਬੇ ਹੁੰਦੇ ਨੇ। ਜਿੰਨੇ ਲੰਬੇ ਹੱਥ ਉਨੀ ਵਡੀ ਕਮੀਨਗੀ। ਸ਼ਕਤੀ ਜਦੋਂ ਮਗਰੂਰ ਬਣਦੀ ਏ ਤਾਂ ਯਥਾਰਥ ਧੁੰਦਲਾ ਹੋ ਜਾਂਦਾ ਹੈ। ਫਿਰ ਮਨਸੂਬੇ ਬਣਦੇ ਨੇ ਤੇ ਮਕੜੀ-ਜਾਲ ਵਿਛਾਏ ਜਾਂਦੇ ਨੇ। ਕੁਰਸੀਆਂ, ਤਗਮੇ ਤੇ ਹੋਰ ਸਭ ਫੰਦੇ। ਅਸਵੀਕਾਰ ਦੀ ਸੂਰਤ 'ਚ-ਖੰਜਰ। ਫਿਸਲਾਉਣ ਦਾ ਨਾਂ ਜਾਦੂਗਿਰੀ ਹੈ ਤੇ ਜਾਦੂ ਕਰਨ ਵਾਲੇ ਦਾ ਬੁਢਾਪਾ—ਕਮੀਨਗੀ। ਸਥਾਪਨਾ ਦੀ ਸੁੰਘਣ ਸ਼ਕਤੀ ਬੜੀ ਤੇਜ਼ ਹੈ। ਜੰਮਦੇ ਵਿਦਰੋਹ ਨੂੰ ਸੈਆਂ ਕੋਹਾਂ ਤੋਂ ਸੁੰਘ ਲੈਂਦੀ ਏ। ਸੁਜਾਖਾ ਵਿਦਰੋਹ ਤਾਂ ਤੁਰਦਾ ਹੀ ਖੰਜਰ ਦੀ ਧਾਰ ਤੇ ਹੈ।

ਬੁੱਢੀ ਜਾਦੂਗਰਨੀ ਦੇ ਬੋਲ ਕਮੀਨੀ ਸਥਾਪਨਾ ਦੇ ਹੰਕਾਰ ਦੀ ਨੁਹਾਰ ਹਨ। ਜਾਦੂ ਬਾਰੇ ਕੋਈ ਸ਼ੱਕ ਹੈ? ਲਉ ਤਗਮੇਂ ਵਾਲੀ ਹਿੱਕ ਘੜੀ ਬਣ ਗਈ ਹੈ। ਹਾਰ ਵਾਲਾ ਗਲ ਬੁੱਤ ਬਣ ਗਿਆ ਹੈ ਤੇ ਹੱਥਾਂ ਦੀ ਗਲਵਕੜੀ 'ਚ ਆਇਆ ਹੱਥ ਡੋਲਦੀ ਟਹਿਣੀ ਬਣ ਗਿਆ ਹੈ। ਸਾਰੀ ਗਲ ਇਕੋ ਪਾਤਰ ਹੀ ਕਹਿੰਦਾ ਹੈ, ਦੂਜਾ ਪਰਦੇ ਦੇ ਉਹਲੇ ਹੈ। ਪਰ ਜਾਪਦਾ ਹੈ ਜੀਕਣ ਪਰਦਾ ਪਾਰਦਰਸ਼ੀ ਹੈ; ਤੇ ਲੁਕਿਆ ਪਾਤਰ ਆਪਣਾ ਜਗਦਾ ਮਸਤਕ ਲੈ ਕੇ ਸਾਡੇ ਸਾਹਵੇਂ ਖੜਾ ਹੈ। ਦੂਜੇ ਪਾਸੇ ਸੰਬੋਧਨੀ ਪਾਤਰ ਆਪਣੇ ਮਾਅਰਕੇ ਦੀ ਰੂਪ ਰੇਖਾ ਵਾਹ ਰਿਹਾ ਹੈ। ਈਕਣ ਇਹ ਕਵਿਤਾ ਨਾਟਕ ਤੇ ਚਿਤ੍ਰਕਲਾ ਦੇ ਨਕਸ਼ ਉਘਾੜਦੀ ਹੈ। ਅਮੂਰਤ ਸ਼ਬਦ ਸਮੂਰਤ ਚਿਤਰ ਸਾਹਵੇਂ ਰਖਦੇ ਹਨ। ਵਿਅੰਗ ਦੇ ਖੇਤਰ 'ਚ ਤਾਂ ਇਹ ਗੁਣ ਇਕ ਬਲਵਾਨ ਪ੍ਰਾਪਤੀ ਹੈ। ਬੁੱਢੀ ਜਾਦੂਗਰਨੀ ਠੀਕ ਹੀ ਆਖਦੀ ਹੈ।

ਸਥਾਪਨਾ ਹਮੇਸ਼ਾ ਦਾਅਵਾ ਕਰਦੀ ਹੈ, ਵਿਦਰੋਹ ਪ੍ਰਾਪਤੀ। ਸਥਾਪਨਾ ਸ਼ਬਦ ਮਾਣਦੀ ਹੈ। ਵਿਦਰੋਹ ਅਰਥ ਭੋਗਦਾ ਹੈ। ਸਾਰੀ ਦੀ ਸਾਰੀ ਕਵਿਤਾ ਜੀਕਣ ਇਕ ਤੈਰਦਾ ਗਲੇਸ਼ੀਅਰ ਹੈ। ਇਕ ਹਿੱਸਾ ਉਪਰ ਤਿੰਨ ਹਿੱਸੇ ਹੇਠਾਂ। ਗੰਭੀਰ ਖ਼ਲਨਾਇਕ ਦੇ ਕਪਟ ਦਾ ਢਾਂਚਾ ਕੁਝ ਏਸੇ ਤਰਾਂ ਦਾ ਹੁੰਦਾ ਹੈ। ਬੁੱਢੀ ਜਾਦੂਗਰਨੀ ਯੋਜਨਾ-ਬੱਧ ਛਲ ਦੀ ਸਜੀਵ ਤਸਵੀਰ ਹੈ।

oo ਅਸਾਂ ਉਪਰ ਕਿਹਾ ਹੈ ਸਥਾਪਨਾ ਦਾ ਸੰਸਾਰ ਦਾਅਵਾ ਹੈ। ਵਿਦਰੋਹ ਦੀ ਦੁਨੀਆਂ—ਦ੍ਰਿੜਤਾ। ਐਵਲਾਂਸ਼ ਦੀ ਦ੍ਰਿੜਤਾ। ਜੇ ਪਹਿਲੇ ਦੀ ਸੇਧ ਸਮਝੌਤਾ ਹੈ ਤਾਂ ਦੂਜੇ ਦੀ ਮਕਤਲ। ਠੀਕ ਹੈ ਕਵੀ ਭਾਸ਼ਣਕਾਰ ਨਹੀਂ, ਪਰ ਗੂੰਗਾ ਵੀ ਨਹੀਂ। ਉਹ ਅਵੱਸ਼ ਸਥਾਪਨਾ ਨੂੰ ਮੋੜਵਾਂ ਉੱਤਰ ਦਏਗਾ। ਸਪਸ਼ਟ ਉਦੇਸ਼ ਦੇ ਬੋਲ ਵੀ ਸਪਸ਼ਟ ਹੁੰਦੇ ਹਨ। ਮਕਤਲ 'ਚ ਜਾਣ ਵਾਲਾ ਗੁੰਝਲਦਾਰ ਨਹੀਂ ਹੁੰਦਾ। ਗੁੰਝਲ ਹਮੇਸ਼ਾ ਜਾਨ ਬਚਾਉਣ ਲਈ ਪੈਂਦੀ ਹੈ। ਵਿਦਰੋਹੀ

ਦੀ ਜ਼ਿੰਦਗੀ ਵਿਚ ਇਕ ਪਲ ਆਉਂਦਾ ਹੈ ਜਦ ਉਹ ਝੀਲ ਦੇ ਪਾਰ ਬਾਰੇ ਹੀ ਸੋਚਦਾ ਹੈ। ਉਹਦੀ ਜ਼ਿੰਦਗੀ ਦੀ ਡਿਕਸ਼ਨਰੀ 'ਚ ਉਰਾਰ ਸ਼ਬਦ ਬੁਝ ਜਾਂਦਾ ਹੈ। ਅਜੇਹਾ ਵਿਅਕਤੀ ਹੀ ਬੋਲਾਂ ਨੂੰ ਜਨਮ ਦੇ ਸਕਦਾ ਹੈ। ਬੋਲਾਂ ਦੇ ਜਨਮ ਲਈ ਜੋ ਕਤਲ ਨਹੀਂ ਵੇਖ ਸਕਦਾ, ਉਹ ਪਾਰ ਨਹੀਂ ਖਲੋ ਸਕਦਾ। ਨਾਲੇ ਕਤਲਗਾਹ 'ਚ ਕਿਹੜਾ ਨਵਾਂ ਆਇਆ ਹੈ ਉਹ। ਉਹ ਪੰਜ ਜੋ ਗੁਰੂ ਦੀ ਮੰਗ ਤੇ ਸੀਸ ਦੇਣ ਲਈ ਤਿਆਰ ਹੋ ਗਏ ਸਨ, ਮੌਤ ਦਾ ਅਰਥ ਸਮਝਦੇ ਹੀ ਹੋਣਗੇ। ਸ਼ਾਇਦ ਉਹਨਾਂ ਨੂੰ ਪਤਾ ਸੀ ਉਹ-ਅੱਗ ਦੇ ਦਰਿਆ ਨੇ, ਬਰਫੀਲੇ ਤੂਫਾਨ ਨੇ। ਭਾਸ਼ਾ ਦੀਆਂ ਆਪਣੀਆਂ ਸੀਮਾਵਾਂ ਹਨ। ਮਸਤਕ 'ਚ ਆਇਆ ਬੋਲ ਜੇ ਕਿਤੇ ਹਵਾ 'ਚ ਉਕਰਿਆ ਜਾ ਸਕਦਾ ਜਾਂ ਕਾਗਜ਼ ਤੇ ਉੱਭਰ ਆਉਂਦਾ ਤਾਂ ਮਨੁੱਖ ਨੂੰ ਆਪਣੀ ਸਿਰਜਣਾ ਦੀ ਅਸੀਮਤਾ ਤੇ ਵਿਸ਼ਵਾਸ ਹੀ ਨਾ ਹੁੰਦਾ। ਏਸੇ ਲਈ ਅੱਖਾਂ 'ਚ ਪਲਮਦਾ ਬੋਲ ਖੌਲਦੇ ਲਾਵੇ ਜਿਹਾ ਹੈ। ਬੋਲ 'ਮਹਾਂਪਾਪ' ਕਿਉਂ ਹੈ? ਇਸ ਲਈ ਕਿ ਉਹ ਸੱਚ ਹੈ ਤੇ ਜਿੰਨਾ ਵੱਡਾ ਸੱਚ ਹੋਏਗਾ; ਸਥਾਪਨਾਂ ਉਹਦੇ ਨਾਲ ਉਨਾ ਵੱਡਾ ਹੀ ਵਿਰੋਧੀ ਵਿਸ਼ਲੇਸ਼ਣ ਲਗਾਏਗੀ। ਇਕ ਪਾਸੇ ਗੌਬਲਜ਼ ਹੈ ਦੂਜੇ ਸੁਕਰਾਤ। ਸਹਿ ਸੁਭਾ ਕਹੀ ਗਲ ਜਦ ਆਪਣੇ ਅਰਥ ਪਹਿਨਣ ਯੋਗ ਹੋ ਜਾਂਦੀ ਹੈ ਤਾਂ ਉਹਨੂੰ ਧੁਰ ਅੰਦਰ ਲਿਜਾਣ ਲਈ ਕਿਸੇ ਬਾਹਰੀ ਸਹਾਰੇ ਦੀ ਲੋੜ ਨਹੀਂ ਰਹਿੰਦੀ। ਮਕਤਲ 'ਚ ਆਉਣ ਦੀ ਗਲ ਕੁਝ ਇਸਤਰਾਂ ਵਿਚਾਰ ਗੋਚਰੇ ਕਵੀ ਨੇ ਕਹੀ ਹੈ। ਦੋਵਾਂ ਕਵਿਤਾਵਾਂ ਦੇ ਪਾਤਰ ਇਕ ਦੂਜੇ ਨਾਲ ਸੰਵਾਦ ਕਰਦੇ ਹਨ। ਉਪਰ ਹੱਥ ਕਿਸਦਾ ਹੈ—ਵੇਖਣਾ ਪਾਠਕਾਂ ਦੀ ਸੂਝ ਤੇ ਨਿਰਭਰ ਕਰਦਾ ਹੈ।

000 "ਦੂਸਰੇ ਪੁਲ ਦੀ ਤਲਾਸ਼ ਵਿਚ" ਵਿਅਕਤੀ ਉਦੋਂ ਨਿਕਲਦਾ ਹੈ, ਜਦੋਂ ਉਹ ਚੇਤਨਾ ਦੇ ਕਿਸੇ ਵਿਸ਼ੇਸ਼ ਪੜਾਅ ਤੇ ਪਹੁੰਚਦਾ ਹੈ। ਹਰ ਕੋਈ ਵਿਸ਼ਲੇਸ਼ਣ ਅਵਸਥਾ ਗ੍ਰਹਿਣ ਨਹੀਂ ਕਰ ਸਕਦਾ, ਕਿਉਂਕਿ ਅਸਲ ਸਫਰ ਤਾਂ ਇਸ ਤੋਂ ਪਿਛੋਂ ਹੀ ਸ਼ੁਰੂ ਹੁੰਦਾ ਹੈ। ਬਹੁਤੇ ਤਾਂ ਚੌਰਸਤੇ ਦੀ ਇਸ ਘੁੰਮਣ ਘੇਰੀ 'ਚ ਤੀਲੇ ਬਣਕੇ ਹੀ ਘੁੰਮਦੇ ਰਹਿੰਦੇ ਹਨ। ਕਥਾ ਵਰ੍ਹਿਆਂ ਦੀ ਇਕ ਗਿਣਤੀ ਤੋਂ ਪਿਛੋਂ ਸ਼ੁਰੂ ਹੁੰਦੀ ਹੈ—ਪਰ ਕੀ ਅਗਲਾ ਰਾਹ ਮੁਆਫ਼ਿਕ ਹੈ? ਪ੍ਰਸ਼ਨ ਠੀਕ ਜਾਂ ਨਾ ਠੀਕ ਹੋਣ ਦਾ ਨਹੀਂ, ਚੋਣ ਦਾ ਹੈ—ਇਕ ਹਾਲਤ ਨਾਲੋਂ ਮੋਹ-ਭੰਗ ਦਾ ਹੈ। ਜੁਝਾਰ ਹਮੇਸ਼ਾ ਬਰਾਬਰ ਦਾ ਭੇੜ ਚਹੁੰਦਾ ਹੈ। ਇਹ ਉਹਦੀ ਫਿਤਰਤ ਹੈ। ਅਲੋਪ ਹੋ ਜਾਏਗਾ ਜਾਂ ਪ੍ਰਗਟ ਹੋਏਗਾ—ਅਗਾਂਹ ਦੀ ਗਲ ਹੈ। ਆਪਣੇ ਆਪ ਨੂੰ ਆਵਾਜ਼ ਮਾਰਨ ਯੋਗ ਹੋਣਾ ਜ਼ਿੰਦਗੀ ਦੀ ਇਕ ਪ੍ਰਾਪਤੀ ਹੈ। ਰੰਗ-ਭੂਮੀ 'ਚ ਜੰਮਣ ਤੋਂ ਲੈ ਕੇ ਮਰਨ ਤਕ ਲੰਮਾ ਜ਼ਹਿਰ ਵੀ ਹੈ ਤੇ ਸਿਰੀ ਤੋਂ ਲੈਕੇ ਸਿਰੀ ਤਕ ਲੰਮਾ ਸੱਪ ਵੀ ਭਾਵੇਂ ਫੈਸਲੇ ਦਾ ਵਕਫ਼ਾ ਅੱਖ ਦੇ ਫੋਰ ਜਿੰਨਾ ਹੀ ਹੁੰਦਾ ਹੈ, ਪਰ ਇਹਦੇ ਪਿਛੇ ਸੋਚ ਦੀ ਇਕ ਲੰਮੀ ਵਿਕਾਸ-ਧਾਰਾ ਹੁੰਦੀ ਹੈ। ਕੇਵਲ ਅੱਖ ਦੇ ਫੋਰ ਦਾ ਫੈਸਲਾ ਮਿੱਟੀ ਤੇ ਪਏ ਕੋਹਰੇ ਵਾਂਗ ਹੈ। ਇੰਨੇ ਨਿੱਕੇ ਸਮੇਂ 'ਚ ਫੈਸਲਾ ਕਰਨ ਵਾਲੇ ਨੂੰ ਪਹਿਲੀ, ਤੀਸਰੀ ਜਾਂ ਸਤਾਰ੍ਹਵੀਂ ਆਵਾਜ਼ ਦੇ ਅੰਤਰ ਦਾ ਗਿਆਨ ਨਹੀਂ ਹੋ ਸਕਦਾ। ਚੇਤਨਾ ਦਾ ਪਲ ਭਰਾ 'ਚ ਪ੍ਰਗਟਾਵਾ ਕੋਈ ਕਰਾਮਾਤ ਨਹੀਂ, ਅਨੁਭਵ ਦੀ ਡੂੰਘੀ ਯਾਤਰਾ ਇਸ ਪਿਛੇ ਕੰਮ ਕਰਦੀ ਹੈ। ਇਕ ਫੋਕਟ ਹਾਲਤ ਨਾਲ ਮੋਹ ਭੰਗ ਕੀਤਾ ਪਰ ਦੂਜੀ 'ਚ ਵੀ ਆਦਮੀ, ਘੋੜਾ ਤੇ ਡੱਡੂ ਇਕ ਛਾਬੇ ਤੁਲਦੇ ਹਨ। ਇਹ ਹੈ ਦੁਬਿਧਾ ਜਿਸ ਚੋਂ ਤਲਾਸ਼ ਜਨਮ ਲੈਂਦੀ ਹੈ। ਤਲਾਸ਼ ਦੇ ਹੁੰਦੇ ਰਹਿਣ 'ਚ ਹੀ ਜ਼ਿੰਦਗੀ 'ਚੋਂ ਕੋਈ ਸੰਭਾਵਨਾ ਲੱਭੀ ਜਾ ਸਕਦੀ ਹੈ। ਕਿਉਂਕਿ ਸੰਭਾਵਨਾ ਕਦੇ ਵੀ ਨਹੀਂ ਮਰਦੀ ਇਸ ਲਈ ਮਨੁੱਖ ਹਮੇਸ਼ਾ ਆਪਣੇ ਆਪ ਨੂੰ ਸਾਵਧਾਨ ਕਰਦਾ ਰਹੇਗਾ। ਉਸ ਵੇਲੇ ਉਹਦੇ ਕੋਲ ਗਿੱਟੇ ਦੀ ਮੋਚ ਵੀ ਹੋ ਸਕਦੀ ਹੈ, ਮੱਥੇ ਦੀ ਤਿਊੜੀ ਵੀ। ਤਲਾਸ਼ ਦੇ ਪ੍ਰਸੰਗ 'ਚ ਹੀ **ਰਿਲਕੇ** ਆਪਣੇ ਇਕ ਅੰਨੇ ਪਾਤਰ ਬਾਰੇ ਕਹਿੰਦਾ ਹੈ—'ਬੀਹਾਈਂਡ ਦੀ ਰੈਸਟ ਸ਼ੀ ਵਾਕਡ'।

## ਬੁੱਢੀ ਜਾਦੂਗਰਨੀ ਆਖਦੀ ਹੈ/ਸੁਰਜੀਤ ਪਾਤਰ

ਤੇਰਾ ਵੀ ਨਾਮ ਰੱਖਾਂਗੇ
ਤੇਰੀ ਛਾਤੀ 'ਤੇ ਵੀ ਖੰਜਰ ਜਾਂ ਤਗਮਾਂ ਧਰ ਦਿਆਂਗੇ
ਜੀਣ ਜੋਗਾ ਤਾਂ ਹੋ
ਤੇਰੀ ਵੀ ਹੱਤਿਆ ਕਰ ਦਿਆਂਗੇ

ਮੈਂ ਬੁੱਢੀ ਜਾਦੂਗਰਨੀ ਬੜੇ ਮੰਤਰ ਜਾਣਦੀ ਹਾਂ
ਮੈਂ ਜਿਹੜੀ ਹਿੱਕ ਤੇ ਤਗਮਾਂ ਸਜਾਇਆ ਹੈ
ਓਹੀ ਹਿੱਕ ਘੜੀ ਬਣ ਕੇ ਰਹਿ ਗਈ ਹੈ

ਮੈਂ ਜਿਸ ਬੰਦੇ ਦੇ ਗਲ ਵਿਚ ਹਾਰ ਪਾਇਆ ਹੈ
ਓਹੀ ਬੁੱਤ ਬਣ ਗਿਆ ਹੈ

ਮੈ ਜਿਹੜੇ ਹੱਥ ਨੂੰ ਆਪਣੇ ਹੱਥ 'ਚ ਲੈ ਕੇ ਘੁੱਟਿਆ
ਓਹੀ ਹੱਥ ਰੁੱਖ ਦੀ ਟਾਹਣੀ ਹੋ ਗਿਆ ਹੈ
ਤੇ ਹਰਤਰਫ਼ੀ ਹਵਾ ਵਿਚ ਡੋਲਿਆ ਹੈ
ਮੈਂ ਜਿਸਨੂੰ ਅਪਣਾ ਪੁੱਤਰ ਆਖਿਆ ਹੈ
ਉਸੇ ਨੂੰ ਆਪਣੀ ਮਾਂ ਦਾ ਨਾਮ ਭੁੱਲਿਆ ਹੈ

ਹਿੱਕਾਂ ਦੀ ਕਿਸਮ ਹੁੰਦੀ ਹੈ
ਕੋਈ ਹਿਕ ਸਿਰਫ਼ ਤਗਮੇ ਨਾਲ ਠਰਦੀ ਹੈ
ਕੋਈ ਹਿੱਕ ਕੋਸਿਆਂ ਦੁੱਧਾਂ ਦੇ ਨਗਮੇ ਨਾਲ ਠਰਦੀ ਹੈ
ਤੇ ਜਿਹੜੀ ਬਾਕੀ ਬਚਦੀ ਹੈ
ਉਸ ਲਈ ਮੇਰੇ ਹੱਥਾਂ ਵਿਚ ਬੱਸ ਖੰਜਰ ਹੀ ਬਚਦਾ ਹੈ

ਤੂੰ ਐਵੇਂ ਕਾਹਲਾ ਨਾ ਪੈ
ਤੇਰੀ ਹਿੱਕ ਦੀ ਕਿਸਮ ਵੀ ਬੁੱਝ ਲਵਾਂਗੇ
ਤੇ ਤੇਰੇ ਹਾਣ ਦੀ ਤੈਨੂੰ ਵੀ ਹੋਣੀ ਵਰ ਦਿਆਂਗੇ
ਤੇਰਾ ਵੀ ਨਾਮ ਰੱਖਾਂਗੇ
ਤੇਰੀ ਛਾਤੀ ਤੇ ਵੀ ਖੰਜਰ ਜਾਂ ਤਗਮਾਂ ਧਰ ਦਿਆਂਗੇ
ਜੀਣ ਜੋਗਾ ਤਾਂ ਹੋ
ਤੇਰੀ ਵੀ ਹੱਤਿਆ ਕਰ ਦਿਆਂਗੇ

## ਮਕਤਲ ਮੇਰਾ ਘਰ/ਜੋਗਾ ਸਿੰਘ

ਹਰ ਬੋਲਿਆ ਸ਼ਬਦ ਪਾਪ ਹੈ
ਪਰ ਉਸ ਬੋਲ ਨੂੰ ਕੀ ਆਖੋਗੇ
ਜੋ ਅਜੇ ਘਲੂਆ ਹੈ ਤੇ ਅੱਖਾਂ 'ਚ ਬਲਦਾ ਹੈ

ਮੈਨੂੰ ਇਸ ਸੁਲਘਦੇ ਬੋਲ ਨੂੰ ਜਨਮ ਦੇਣ ਦੀ ਸਜ਼ਾ
ਵੀ ਯਾਦ ਹੈ—
'ਮੇਰੇ ਸਾਹਵੇਂ', ਇਸ ਨੂੰ ਕਿਸੇ ਕੰਧ ਵਿਚ

ਜਿਊਂਦਿਆਂ ਚਿਣ ਦਿੱਤਾ ਜਾਣਾ ਹੈ.....:

ਤੇ ਜਾਂ ਫਿਰ ਇਸਦਾ ਹਰ ਅੰਗ
ਸ਼ਹਿਰ ਦੇ ਹਰ ਦਰਵਾਜ਼ੇ 'ਤੇ ਟੰਗ ਦਿੱਤਾ ਜਾਣਾ ਹੈ ।
ਤੇ ਇਸ ਦਾ ਹਸ਼ਰ ਨਸ਼ਰ ਕਰ ਦਿਤਾ ਜਾਣਾ ਹੈ ।
ਮੈਨੂੰ ਕੀ ਦਸਦੇ ਹੋ ? ਮੈਂ ਬੋਲਾਂ ਨੂੰ
ਥਲਾਂ ਵਿਚ ਭੁਜਦੇ ਵੀ ਤੱਕਿਆ ਹੈ, ਬਰਫਾਂ 'ਚ ਜੰਮਦੇ ਵੀ—
ਤੇ ਰੁੱਖਾਂ ਦੀਆਂ ਸੂਲੀਆਂ ਤੇ ਲਟਕਦੇ ਵੀ
ਪਰ ਇਹ ਜਿਸ ਥਲ 'ਚ ਭੁਜੇ ਨੇ ਉਹ ਅੱਗ ਹੋ ਤੁਰਿਆ ਹੈ
ਬਰਫ਼ ਐਵਲਾਂਸ ਬਣ ਗਈ ਹੈ ਤੇ ਜੰਗਲ ਦੇ ਸਾਰੇ ਰੁੱਖ
ਸ਼ਹਿਰ ਦੇ ਦਰਵਾਜ਼ਿਆਂ ਵਲ ਨੂੰ ਤੁਰ ਆਏ ਹਨ
ਹਰ ਕੰਧ ਤਰੇੜੀ ਗਈ ਹੈ, ਹਰ ਛੱਤ ਪਾਟ ਗਈ ਹੈ...

ਹਾਂ ਹਾਂ, ਮੈਂ ਜੋ ਸ਼ਬਦ ਬੋਲੇ ਨੇ, ਪਾਪ ਨੇ
ਤੇ ਜੋ ਨੈਣਾਂ 'ਚ ਸੁਲਘਦੇ ਨੇ, ਮਹਾਂ ਪਾਪ
ਮੇਰੇ ਸਾਹਵੇਂ ਮੇਰੇ ਬੋਲਾਂ ਨੂੰ ਨੇਜ਼ੇ ਤੇ ਉਛਾਲਣ ਦੀ ਖੇਡ ਖੇਡੋ
ਮੈਂ ਜੋ ਬੋਲਾਂ ਨੂੰ ਜਨਮ ਦੇ ਸਕਦਾ ਹਾਂ
ਕਤਲ ਵੀ ਤੱਕ ਸਕਦਾ ਹਾਂ
ਮਕਤਲ ਵਿਚ ਮੈਂ ਕੋਈ ਨਵਾਂ ਨਹੀਂ ਆਇਆ।

## ਦੂਸਰੇ ਪੁਲ ਦੀ ਤਲਾਸ਼ ਵਿਚ/ਅਮਿਤੋਜ

ਇਹ ਸਭ ਕੁਝ ਅੱਖ ਦੇ ਫੋਰ ਵਿਚ ਹੋਣਾ ਸੀ
ਅੱਖ ਵਿਚਲਾ ਕੋਣ ਰਤਾ ਕੁ ਅੰਦਰ ਨੂੰ ਸਰਕ ਜਾਣਾ ਸੀ
ਤੇ ਮੱਥੇ ਦੀ ਤਿਊੜੀ ਤੋਂ ਲੈ ਕੇ
ਗਿੱਟੇ ਦੀ ਮੋਚ ਤੀਕ ਲੰਮਾ ਗਾਰਡਰ
ਸੁੱਕੀ ਨਦੀ ਵਿਚ ਡੁਬ ਜਾਣਾ ਸੀ
ਪਰ ਇਹ ਸਭ ਕੁਝ ਹੋਣ ਲਈ
ਮੈਂ 24 ਵਰ੍ਹੇ ਉਡੀਕਦਾ ਰਿਹਾ
ਆਪਣੀ ਪਿੱਠ ਤੇ ਪਏ ਘੋੜੇ ਦੀਆਂ
ਖੁਰੀਆਂ ਦੇ ਨਿਸ਼ਾਨ ਮਿਣਦਾ ਰਿਹਾ।

ਇਕ ਪਾਸੇ ਤਾਂਬੇ ਤੇ ਲਪੇਟੇ ਹੋਏ
ਕੇਲੇ ਦੇ ਪੱਤਰਾਂ ਦਾ ਸੇਕ ਸੀ
ਤੇ ਦੂਜੇ ਪਾਸੇ ਪਾਰੇ ਚੋਂ ਲਟਕਦੀਆਂ
ਚਾਂਦੀ-ਰੰਗੀਆਂ ਤਾਰਾਂ ਦੀ ਚਿਲਕੋਰ

ਜ਼ਾਹਰ ਹੈ—
ਕਿ ਵਿਚਕਾਰ ਉਮਰ ਸੀ।
ਤੇ ਉਮਰ ਉਹ—
ਜਦ ਮੇਰਾ ਸਾਰਾ ਜਿਸਮ ਅੰਗਿਆਰ ਵਾਂਗ ਮਘਿਆ ਕਰਦਾ ਸੀ

ਮੇਰੀ ਹਾਲਤ ਕੁਝ ਕੁਝ ਉਸ ਦਾਨਵ ਵਰਗੀ ਸੀ—
ਜੋ ਆਪਣੀ ਦੇਖ ਭਾਲ ਕਰਨੀ
ਸ਼ੁਰੂ ਕਰ ਰਿਹਾ ਸੀ

ਸ਼ਾਇਦ ਇਨ੍ਹਾਂ ਦਿਨਾਂ ਦੀ ਗਲ ਹੈ
ਜਦ ਮੈਂ ਪਹਿਲੀ ਵਾਰ ਸੋਚਿਆ ਸੀ
ਕਿ ਉਹ ਲੋਕ ਜੋ ਮੈਨੂੰ ਏਥੇ ਬਾਰੂਦ ਦੀ ਢੇਰੀ ਤੇ ਬਿਠਾ ਗਏ
ਤੇ ਆਪ ਮੰਦਰਾਂ 'ਚ ਚਲੇ ਗਏ
ਮੇਰੀ ਉਮਰ ਦੀ ਸਲਾਮਤੀ ਲਈ ਪ੍ਰਾਰਥਨਾ ਕਰਨ
ਉਹ ਲੋਕ ਮੇਰੇ ਕੁਝ ਨਹੀਂ ਲਗਦੇ।
ਫਿਰ ਮੈਂ ਉਹਨਾਂ ਨੂੰ ਛਡ ਛਡਾ
ਏਥੇ ਚਲਾ ਆਇਆ—
ਖ਼ੁਦਾ ਦਾ ਸ਼ੁਕਰ ਹੈ—ਏਥੇ ਸਭ ਕੁਝ ਸਾਬਤ ਤਾਂ ਹੈ;
ਸਿਰੀ ਤੋਂ ਲੈਕੇ ਸਿਰੀ ਤਕ ਲੰਮਾ ਸੱਪ।
ਤੇ ਜੰਮਣ ਤੋਂ ਲੈ ਕੇ ਮਰਨ ਤਕ ਲੰਮਾ ਜ਼ਹਿਰ।

ਏਥੇ ਮੈਂ ਚੌਕ ਦੀ ਕਿਸੇ ਨੁੱਕਰ ਚੋਂ ਅਚਾਨਕ ਪ੍ਰਗਟ ਹੋ ਸਕਦਾ ਸਾਂ
ਇਹ ਜਾਨਣ ਲਈ
ਕਿ ਪਹਿਲੀ, ਤੀਸਰੀ, ਜਾਂ ਸਤਾਰਹਵੀਂ ਆਵਾਜ਼
ਵਿਚ ਕੀ ਅੰਤਰ ਹੈ ?
ਪਰ ਜਦ ਇਹ ਪਤਾ ਲਗਾ
ਕਿ ਏਥੇ ਆਦਮੀ, ਘੋੜਾ ਜਾਂ ਡੱਡੂ
ਇਕੋ ਹੀ ਬੋਲੀ ਬੋਲ ਸਕਦੇ ਹਨ
ਤਾਂ ਮੈਂ ਭੱਜਿਆ ਆਪਣੇ ਆਪ ਤਕ
ਆਪਣੇ ਆਪ ਨੂੰ ਸਾਵਧਾਨ ਕਰਨ ਲਈ
ਮੈਂ ਆਪਣੇ ਗਿੱਟੇ ਦੀ ਮੋਚ ਕੋਲ ਖੜਕੇ
ਆਪਣੇ ਮੱਥੇ ਦੀ ਤਿਊੜੀ ਨੂੰ ਆਵਾਜ਼ ਦਿੱਤੀ—
ਅਮਿਤੋਜ ! ਓ ਅਮਿਤੋਜ !!
ਤੂੰ ਏਥੇ ਡਰਿਆ ਬੈਠਾ ਏਂ ਬਲੈਕ ਆਊਟ ਤੋਂ
ਤੇ ਉਥੇ ਸੜਕ ਤੇ ਤੇਰੇ ਉਤੋਂ ਦੀ ਲੰਘ ਗਏ ਹਨ
ਪੰਛੀਆਂ ਦੇ ਪਰਛਾਵੇਂ
ਮੋਟਰਾਂ ਦੇ ਟਾਇਰ
ਤੇ
ਆਦਮੀ ਦੇ ਪੈਰ।

ਇਹ ਸਭ ਕੁਝ ਅੱਖ ਦੇ ਫੋਰ ਵਿਚ ਹੋਣਾ ਸੀ

o

# ਇਹ ਹਮਾਰਾ ਜੀਵਣਾ

ਗੁਰਸ਼ਰਨ ਸਿੰਘ

## ੧ ਬੁੱਕਲ 'ਚ ਮੂੰਹ

ਆਲ ਇੰਡੀਆ ਰੇਡੀਉ ਤੋਂ ਇਕ ਉਰਦੂ ਪ੍ਰੋਗਰਾਮ ਹੁੰਦਾ ਹੈ, ਜੋ ਬਹੁਤਾ ਕਰਕੇ ਪਾਕਿਸਤਾਨ ਵਿਚ ਸੁਨਣ ਵਾਲਿਆਂ ਲਈ ਹੈ। ਫਿਲਮੀ ਗੀਤਾਂ ਕਰਕੇ ਇਹ ਪ੍ਰੋਗਰਾਮ ਲੋਕਾਂ ਵਿਚ ਪਿਆਰਿਆ ਜਾਂਦਾ ਹੈ ਅਤੇ ਆਮ ਕਰਕੇ ਭਾਰਤ ਦੇ ਲੋਕ ਵੀ ਇਸਨੂੰ ਕਾਫੀ ਸੁਣਦੇ ਹਨ। ਗੀਤਾਂ ਦੇ ਨਾਲ ਨਾਲ ਇਸ ਵਿਚ 'ਤਬਸਰਾ' ਨਾਂ ਦੀ ਸਿਆਸੀ ਟਿਪਣੀ ਵੀ ਹੁੰਦੀ ਹੈ। ਜੇਕਰ ਤੁਸੀਂ ਇਹ ਸੁਣੋ ਤਾਂ ਤੁਸਾਂ ਨੂੰ ਇਹ ਲਗੇਗਾ ਕਿ ਭਾਰਤ ਦੇਸ਼ ਇਕ ਸਵਰਗ ਹੈ ਅਤੇ ਸੰਸਾਰ ਵਿਚ ਜਿਤਨੀਆਂ ਵੀ ਮੂਰਖਤਾ ਦੀਆਂ ਗਲਾਂ ਹੋ ਰਹੀਆਂ ਹਨ। ਉਹ ਪਾਕਿਸਤਾਨ ਵਿਚ ਹੀ ਹੋ ਰਹੀਆਂ ਹਨ ਤੇ ਜੇਕਰ ਸੰਸਾਰ ਵਿਚ ਕੋਈ ਬੇਵਕੂਫ ਸਿਆਸੀ ਲੀਡਰ ਹੈ ਤਾਂ ਉਹ ਸਦਰ ਭੁੱਟੋ ਹੈ। ਇਹ ਠੀਕ ਹੈ ਕਿ ਜੰਗੀ ਕੈਦੀਆਂ ਕਰਕੇ ਤੇ ਬੰਗਲਾ ਦੇਸ਼ ਦੇ ਖੁੱਸ ਜਾਣ ਕਰਕੇ ਪਾਕਿਸਤਾਨ ਇਕ ਡਾਂਵਾਂ ਡੋਲ ਹਾਲਤ ਵਿਚ ਹੈ। ਉਹਦੇ ਲੋਕਾਂ ਨੂੰ ਕਾਫੀ ਚਿਰ ਇਕ ਝੂਠ ਤੇ ਪਾਲਿਆ ਗਿਆ ਹੈ ਤੇ ਕਈ ਸਚਾਈਆਂ ਜੋ ਉਹਨਾਂ ਦੇ ਸਾਹਮਣੇ ਘਾਲੀਆਂ ਹਨ। ਉਹਨਾਂ ਕਰਕੇ ਉਹਨਾਂ ਨੂੰ ਦਿਮਾਗੀ ਸੱਦਮਾ ਪੁੱਜਿਆ ਹੈ, ਪਰ ਸਾਡਾ ਇਹ ਹੱਕ ਕਦੋਂ ਬਣਦਾ ਹੈ ਕਿ ਅਸੀਂ ਉਹਨਾਂ ਦੀ ਉਸ ਹਾਲਤ ਦਾ ਮਜ਼ਾਕ ਉਡਾਈਏ ਤੇ ਨਾਲ ਨਾਲ ਇਹ ਵੀ ਕਹੀ ਜਾਈਏ ਕਿ ਅਸੀਂ ਪਾਕਿਸਤਾਨ ਦੇ ਲੋਕਾਂ ਲਈ ਸ਼ੁੱਭਇੱਛਾਵਾਂ ਰੱਖਦੇ ਹਾਂ।

ਜੇ ਪਾਕਿਸਤਾਨ ਵਿਚ ਸਭ ਸਿਆਸਤ ਝੂਠ ਦੀਆਂ ਬੁਨਿਯਾਦਾਂ ਤੇ ਹੈ ਤਾਂ ਕੀ ਸਾਡੇ ਦੇਸ਼ ਵਿਚ ਜੋ ਕੁਝ ਵਾਪਰ ਰਿਹਾ ਹੈ, ਉਹ ਸਭ ਕੁਝ ਸੱਚ ਦੀ ਬੁਨਿਯਾਦ ਤੇ ਹੈ ? ਸ਼ੇਖ ਅਬਦੁਲਾ ਵਰਗੇ ਕਸ਼ਮੀਰੀਆਂ ਨੂੰ ਕਸ਼ਮੀਰ ਤੋਂ ਜਲਾਵਤਨ ਕਰਕੇ ਕਹਿਣਾ ਕਿ ਅਲੈਕਸ਼ਨਾਂ ਬੜੇ ਜਮਹੂਰੀ ਢੰਗ ਨਾਲ ਕਰਵਾਈਆਂ ਗਈਆਂ ਹਨ, ਇਹ ਕਿਨਾਂ ਕੁ ਸਚ ਹੈ ? ਅਸੀਂ ਇਹ ਕਹਿ ਸਕ
ਸ਼ੇਖ ਦੀ ਕਸ਼ਮੀਰ ਵਿਚ ਮੌਜੂਦਗੀ ਸਮੁੱ
ਹਿੱਤ ਵਿਚ ਨਹੀਂ ਹੈ ਪਰ ਇਸਦੇ ਨਾਲ
ਇਹ ਵੀ ਕਹਿਣਾ ਚਾਹੀਦਾ ਹੈ ਕਿ ਹਾਲ
ਅਨੁਸਾਰ ਹਾਲੇ ਕਸ਼ਮੀਰ ਵਿਚ ਜਮਹੂਰੀ ਢੰਗ ਨਾਲ ਅਲੈਕਸ਼ਨਾਂ ਕਰਵਾਣੀਆਂ ਠੀਕ ਨਹੀਂ। 'ਲੋਕ ਰਾਏ' ਵਰਗੀ ਇਕ ਪਵਿਤਰ ਧਾਰਨਾ ਦਾ ਇਸਤਰਾਂ ਮਜ਼ਾਕ ਉਡਾਣਾ ਸਾਡਾ ਹੱਕ ਨਹੀਂ ਬਣਦਾ।

ਇਹ ਸਭ ਕੁਝ ਇਸਤਰ੍ਹਾਂ ਹੀ ਲਗੇਗਾ ਜਿਸਤਰ੍ਹਾਂ ਸ਼ੇਖ ਮੁਜੀਬ ਨੂੰ ਕੈਦ ਕਰਕੇ ਅਤੇ ਅਵਾਮੀ ਲੀਗ ਤੇ ਪਾਬੰਦੀ ਲਗਾ ਕੇ ਯਹੀਆ ਖਾਨ ਬੰਗਾਲ ਵਿਚ ਅਲੈਕਸ਼ਨਾਂ ਦਾ ਢੌਂਗ ਰਚੇ।

* ਪਾਕਿਸਤਾਨ ਨੇ ਆਪਣੇ ਸੈਂਕੜੇ ਸਰਕਾਰੀ ਕਰਮਚਾਰੀ ਇਸ ਬਿਨਾਂ ਤੇ ਜਬਰਦਸਤੀ ਨੌਕਰੀ ਤੋਂ ਹੱਟਾ ਦਿਤੇ ਹਨ ਕਿ ਉਹਨਾਂ ਉਤੇ ਭਰਿਸ਼ਟਾਚਾਰੀ ਹੋਣ ਦਾ ਸ਼ਕ ਹੈ। ਪਰ ਸਾਡੀ ਕਥਿਤ ਆਦਰਸ਼ਕ ਧਰਤੀ ਤੇ ਇਹ ਚਿੱਟੇ ਸੂਰਜ ਵਰਗਾ ਸੱਚ ਹੈ ਕਿ ਇਥੇ ਭ੍ਰਿਸ਼ਟਾਚਾਰੀ ਅਫਸਰ ਭ੍ਰਿਸ਼ਟਾਚਾਰ ਨਾਲ ਕਮਾਏ ਹੋਏ ਪੈਸੇ ਦੀ ਸਹਾਇਤਾ ਨਾਲ ਉੱਚੀ ਤੋਂ ਉੱਚੀ ਪੱਦਵੀ ਤੇ ਪੁੱਜ ਸਕਦਾ ਹੈ ਤੇ ਉਸਦਾ ਕੋਈ ਕੱਖ ਨਹੀਂ ਵਿਗਾੜ ਸਕਦਾ। ਇਹ ਕੋਈ ਫਖਰ ਵਾਲੀ ਗਲ ਨਹੀਂ ਤੇ ਨਾ ਹੀ ਦੂਜੇ ਲੋਕ ਜੇ ਇਸ ਭਰਿਸ਼ਟਾਚਾਰ ਨੂੰ ਰੋਕਣ ਲਈ ਕੋਈ ਕੱਦਮ ਚੁੱਕਦੇ ਹਨ ਤਾਂ ਸਾਡੇ ਮਜ਼ਾਕ ਦੇ ਹੱਕਦਾਰ ਬਣਦੇ ਹਨ।

* ਇਸ ਧਰਤੀ ਤੇ ਕਾਨੂੰਨ ਦੇ ਰਖਵਾਲੇ ਆਪਣੇ ਮੂੰਹੋਂ ਕਹਿੰਦੇ ਹਨ ਕਿ ਕਿਸੇ ਦੋਸ਼ੀ ਨੂੰ ਸਜ਼ਾ ਦਿਵਾਉਣ ਵਾਸਤੇ ਸਾਨੂੰ 99 ਫੀ ਸਦੀ ਕੇਸ ਝੂਠਾ ਬਨਾਉਣਾ ਪੈਂਦਾ ਹੈ ਕਿਉਂਕਿ ਜੇਕਰ ਅਸੀਂ ਬਿਲਕੁਲ ਸੱਚ ਤੇ ਰਹੀਏ ਤਾਂ ਕੋਈ ਵੀ ਦੋਸ਼ੀ ਕਾਨੂੰਨ ਦੀ ਦੀ ਜ਼ੱਦ ਵਿਚ ਨਹੀਂ ਆਉਂਦਾ। ਕਾਨੂੰਨ ਦੇ ਰਖਵਾਲਿਆਂ ਵਲੋਂ ਦੇਸ਼ ਦੇ ਕਾਨੂੰਨ ਬਾਰੇ ਇਸ ਤੋਂ ਵਧ ਹੋਰ ਸ਼ਲਾਘਾ ਯੋਗ ਤਬਸਰਾ ਕੀ ਹੋ ਸਕਦਾ ਹੈ ?

...ਨੀ ਸੁਧਾਰ ਬਾਰੇ ਭੁਟੋ ਨੇ ਕੁਝ ਏਲਾਨ ਕੀਤੇ ਤਾਂ ਸਾਡੇ ਤਬਸਰਾ ਕਰਨ ਵਾਲੇ ਬੁਲਾਰੇ ਨੇ ਇਸਨੂੰ ਲੋਕਾਂ ਨਾਲ ਇਕ ਧੋਖਾ ਆਖਿਆ। ਠੀਕ ਹੈ ਕਿ ਇਹ ਧੋਖਾ ਹੀ ਹੋਵੇਗਾ ਕਿਉਂਕਿ ਪਾਕਿਸਤਾਨੀ ਹਕੂਮਤ ਦਾ ਜੋ ਖ਼ਾਸਾ ਹੈ, ਉਹ ਇਹੋ ਜਹੇ ਸੁਧਾਰਾਂ ਦੇ ਅਨੁਕੂਲ ਨਹੀਂ ਪਰ ਤਬਸਰਾ ਕਰਨ ਵਾਲੇ ਤੋਂ ਇਹ ਵੀ ਪੁਛਿਆ ਜਾ ਸਕਦਾ ਹੈ ਕਿ ਸਾਡੀ, ਆਪਣੀ ਧਰਤੀ ਤੇ ਜ਼ਮੀਨੀ ਸੁਧਾਰ ਦੇ ਜਿਹੜੇ ਪਿਛਲੇ ਪੰਦਰਾਂ ਵੀਹ ਸਾਲਾਂ ਤੋਂ ਬਿੱਲਾਂ ਦਾ ਚਰਚਾ ਹੈ ਉਹ ਕਿਤਨੇ ਕੁ ਲਾਗੂ ਹੋਏ ਹਨ ? ਕੀ ਇਕ ਵੀ ਮਿਸਾਲ ਦਿਤੀ ਜਾ ਸਕਦੀ ਹੈ ਕਿ ਕਿਸੇ ਵਡੇ ਜ਼ਮੀਨਦਾਰ ਜਾਂ ਜਗੀਰਦਾਰ ਦੀ ਇਕ ਇੰਚ ਵੀ ਜ਼ਮੀਨ ਖੋਹਕੇ ਬੇਜ਼ਮੀਨਿਆਂ ਨੂੰ ਵੰਡ ਦਿਤੀ ਗਈ ਹੋਵੇ ? ਅਗੋਂ ਦਾ ਕਹਿ ਨਹੀਂ ਸਕਦੇ ਪਰ ਹੁਣ ਤਕ ਬਾਰੇ ਬੜੇ ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਇਹ ਜ਼ਮੀਨੀ ਸੁਧਾਰ ਹਾਲੀ ਤਕ ਪੂਰਾ ਧੋਖਾ ਸਾਬਤ ਹੋਏ ਹਨ। ਦੂਜਿਆਂ ਤੇ ਰੋੜਾ ਸੁੱਟਣ ਤੋਂ ਪਹਿਲਾ ਆਪਣੇ ਘਰ ਵਲ ਨਜ਼ਰ ਮਾਰਨੀ ਬੜੀ ਜ਼ਰੂਰੀ ਹੈ।

ਭੁਟੋ ਵਲੋਂ ਜਦੋਂ ਅਖਬਾਰਾਂ ਵਿਚ ਲਿਖਣ ਦੀ ਅਜ਼ਾਦੀ ਬਾਰੇ ਏਲਾਨ ਕੀਤਾ ਗਿਆ ਤੇ ਨਾਲ ਹੀ ਦੂਜੇ ਦਿਨ 'ਡਾਨ' ਅਖਬਾਰ ਦੇ ਐਡੀਟਰ ਨੂੰ ਕੈਦ ਕਰ ਲਿਆ ਗਿਆ ਤਾਂ ਵੀ 'ਤਬਸਰਾ' ਕਰਨ ਵਾਲੇ ਬੁਲਾਰੇ ਨੇ ਇਹਦਾ ਬਹੁਤ ਚਰਚਾ ਕੀਤਾ ਤੇ ਸਭ ਇਸਤਰ੍ਹਾਂ ਪੇਸ਼ ਕੀਤਾ ਜਿਸਤਰ੍ਹਾਂ ਭਾਰਤ ਲਿਖਣ ਦੀ ਆਜ਼ਾਦੀ ਚਾਹੁਣ ਵਾਲਿਆਂ ਵਾਸਤੇ ਇਕ ਸਵਰਗ ਹੈ। ਇਕਲੇ ਪੰਜਾਬ ਵਿਚ ਹੀ ਕਿਨੇ ਹੀ ਲੇਖਕਾਂ ਦਾ ਲਗਾਤਾਰ ਜੇਲ੍ਹਾਂ ਵਿਚ ਡੱਕਿਆ ਜਾਣਾ, ਇਸ ਲਿਖਣ ਦੀ ਆਜ਼ਾਦੀ ਵਾਲੇ ਸਵਰਗ ਦੀ ਮੂੰਹ ਬੋਲਦੀ ਤਸਵੀਰ ਹੈ ਜਿਸ ਬਾਰੇ ਕੋਈ ਤਬਸਰਾ ਕਰਨ ਦੀ ਲੋੜ ਨਹੀਂ।

ਪਾਕਿਸਤਾਨ ਦੇ ਲੋਕ ਹਿੰਦੁਸਤਾਨ ਨੂੰ ਨਫ਼ਰਤ ਦੇ ਅੰਨ੍ਹੇ ਜੋਸ਼ ਵਿਚ ਜਾਣ ਬੁੱਝ ਕੇ ਆਪਣੇ ਆਪ ਨੂੰ ਧੋਖਾ ਦੇਂਦੇ ਰਹੇ, ਉਹਨਾਂ ਦਾ ਜੋ ਹਸ਼ਰ ਹੋਇਆ ਹੈ, ਉਹ ਦੁਨੀਆਂ ਦੇ ਸਾਹਮਣੇ ਹੈ। ਜੇ ਅਸੀਂ ਵੀ ਇਸਤਰ੍ਹਾਂ ਆਪਣੇ ਆਪ ਨੂੰ ਸਵੈ ਧੋਖਿਆਂ ਵਿਚ ਰਖਿਆ ਤਾਂ ਹਸ਼ਰ ਪਾਕਿਸਤਾਨ ਦੇ ਲੋਕਾਂ ਤੋਂ ਵੱਖ ਨਹੀਂ ਹੋ ਸਕਦਾ। ਲੋੜ ਹੈ ਕਿ ਸੱਚ ਨੂੰ ਸੱਚ ਆਖੀਏ। ਜਮਹੂਰੀਅਤ ਲਈ ਇਹ ਜ਼ਰੂਰੀ ਹੈ।

## ੨ ਇਕ ਗੁਰ

"ਭਲਿਆ ਲੋਕਾ! ਤੂੰ ਸਿਆਸਤ ਵਿਚ ਸੱਚ ਭਾਲਦਾ ਏਂ ?"

"ਮੇਰੇ ਖਿਆਲ ਵਿਚ ਇਹ ਸੱਚ ਹੋਣਾ ਹੀ ਚਾਹੀਦਾ ਏ।"

"ਨਹੀਂ ਸਿਆਸਤ ਵਿਚ ਧੜਾ ਹੋਣਾ ਚਾਹੀਦਾ ਏ-ਧੜਾ ਭਾਵੇਂ ਲਾਲ ਹੋਵੇ, ਚਿੱਟਾ ਹੋਵੇ, ਗੁਲਾਬੀ ਹੋਵੇ, ਗੇਜਾ ਸਿੰਘ ਦਾ ਹੋਵੇ, ਮੇਜਾ ਸਿੰਘ ਦਾ ਹੋਵੇ, ਉਹਦਾ ਪੱਖ ਲਵੋ ਤੇ ਸੱਚ ਨੂੰ ਅਤੇ ਆਪਣੀ ਅਕਲ ਨੂੰ ਛਿੱਕੇ ਟੰਗ ਦੇਵੋ"

"ਪਰ ਇੰਞ ਤਾਂ ਦੇਸ਼ ਦਾ, ਲੋਕਾਂ ਦਾ ਕੁਝ ਨਹੀਂ ਬਣੇਗਾ" "ਤੇ ਬਣਾਉਣਾ ਕੌਣ ਚਾਹੁੰਦਾ ਏ, ਭਲਿਆ ਲੋਕਾ ?"

## ਪੋਸਟ ਸਕਰਿਪਟ

"ਭਲਿਆ ਲੋਕਾ, ਹੁਣ ਅਲੈਕਸ਼ਨ ਮੁੱਕ ਗਈ ਏ ਤੂੰ ਕੀ ਕਰੇਂਗਾ ?"

"ਛੈਣੇ ਵਜਾਵਾਂਗਾ, ਜੰਮਹੂਰੀਅਤ ਦੇ ਗੁਣ ਗਾਵਾਂਗਾ, ਜੋ ਮੇਰੇ ਤੇ ਟੈਕਸ ਲਗਣਗੇ ਦੇਈ ਜਾਵਾਂਗਾ ਜੋ ਮੇਰੇ ਤੇ ਜ਼ਿਆਦਤੀ ਹੋਈ ਸਹੀ ਜਾਵਾਂਗਾ। ਹੋਰ ਮੈਂ ਕਰ ਵੀ ਸਕਦਾ ਹਾਂ ?"

ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਸ. ਹਰਬੰਸ ਸਿੰਘ 'ਜੌਲੀ' ਦੀ ਨਿਗਰਾਨੀ ਹੇਠ ਤੇਜ ਪ੍ਰਿੰਟਿੰਗ ਪ੍ਰੈਸ, ਕਟੜਾ ਸ਼ੇਰ ਸਿੰਘ ਅੰਮ੍ਰਿਤਸਰ ਤੋਂ ਛਪ ਕੇ, ਦਫ਼ਤਰ ਸਰਦਲ, ਕਟੜਾ ਸ਼ੇਰ ਸਿੰਘ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।
ਪ੍ਰਕਾਸ਼ਨ ਮਿਤੀ, ਅਪ੍ਰੈਲ 1, 1972